Original Article
ISSN (Online): 2582-7472

ShodhKosh: Journal of Visual and Performing Arts
January 2024 5(1), 2764–2769

# A SOCIO-CULTURAL STUDY OF GIDDHA: THE TRADITIONAL FOLK DANCE OF PUNJABI WOMEN

# ਔਰਤਾਂ ਦੇ ਲੋਕ ਨਾਚ ਗਿੱਧਾ ਦਾ ਸਮਾਜ-ਸਭਿਆਚਾਰਕ ਅਧਿਐਨ

Dr. Harbans Singh [1]

[1] Professor Department of Punjabi, Sri Guru Tegh Bahadur Khalsa College Delhi, University of Delhi-Delhi 110007, India

## ABSTRACT

**English:** Giddha is a favorite folk dance of Punjabis. It dances on happy occasions. This dance has been traveling along with humans from the tribal society. Traces of the wild mind can still be seen in this dance. Samples of this dance are commonly seen in the sculptures found from the Harappan civilization. Its traces are still embedded in the roots of its ancient heritage. Vulture folk dance always depends on the geographical conditions and condition and direction of human life. Is being affected. The lifestyle and standard of living of people is different in every culture. The dances clearly reflect the lifestyle of the people of that society.
Men's daily activities also became the basis of folk dances like boating, ploughing, While fishing, for your safety, hold the rods with both hands and protect yourself from head to toe. To rotate so that a single person can block the attack of more than one person, this action is also used in many folk dances. It is used like this.1
It is clear that it is in human nature to dance like a vulture or other people, but The living conditions of human beings also added their colors to it. Whatever action man did in his daily life, laya and taal were born. In this way man started expressing the thoughts of his mind through physical postures. Vulture, the folk dance of Punjab, also represents Punjab, Punjabi culture and folk heritage. In this dance, the mental complexities of the people of Punjab are presented through human physical actions. Are. Giddha folk dance is danced by women on happy occasions. But in the present age of media, this dance is also danced at cultural events. In Punjab mainly women's vulture is prevalent but now this dance is also performed by male dancers. Goes to dance. Men and women dance this dance in different ways depending on their physical structure and constitution. Gidha is a dance danced collectively by women. This dance is also called dance of happiness. Vulture dance is performed by women on three occasions.

**Hindi:** ਗਿੱਧਾ ਪੰਜਾਬੀਆਂ ਦਾ ਹਰਮਨ ਪਿਆਰਾ ਲੋਕ-ਨਾਚ ਹੈ। ਇਹ ਖੁਸ਼ੀ ਦੇ ਮੌਕੇ ਤੇ ਨੱਚਿਆਂ ਜਾਂਦਾ ਹੈ। ਇਹ ਨਾਚ ਕਬੀਲਾਈ ਸਮਾਜ ਤੋਂ ਮਨੁੱਖ ਦੇ ਨਾਲ-ਨਾਲ ਤੁਰਿਆ ਆ ਰਿਹਾ ਹੈ। ਇਸ ਨਾਚ ਵਿਚ ਜਾਂਗਲੀ ਮਨ ਦੇ ਅੰਸ਼ ਅੱਜ ਵੀ ਦੇਖੇ ਜਾ ਸਕਦੇ ਹਨ। ਹੜੱਪਾ ਸਭਿਅਤਾ ਦੀਆਂ ਮਿਲੀਆਂ ਮੂਰਤੀਆਂ ਤੋਂ ਇਸ ਨਾਚ ਦੇ ਨਮੂਨੇ ਆਮ ਹੀ ਦੇਖਣ ਨੂੰ ਮਿਲ ਜਾਂਦੇ ਹਨ। ਇਸ ਦੇ ਅੰਸ ਪੁਰਾਤਨ ਵਿਰਸੇ ਦੀਆਂ ਜੜ੍ਹਾਂ ਵਿਚ ਅੱਜ ਵੀ ਧੱਸੇ ਹੋਏ ਹਨ। ਗਿੱਧਾ ਲੋਕ ਨਾਚ ਹਮੇਸ਼ਾ ਹੀ ਭੂਗੋਲਿਕ ਹਾਲਾਤਾਂ ਅਤੇ ਮਨੁੱਖ ਦੇ ਜੀਵਨ ਦੀ ਦਸ਼ਾ ਅਤੇ ਦਿਸ਼ਾ ਤੋਂ ਹਮੇਸ਼ਾ ਹੀ ਪ੍ਰਭਾਵਿਤ ਹੁੰਦਾ ਰਿਹਾ ਹੈ। ਹਰੇਕ ਸਭਿਆਚਾਰ ਵਿਚ ਲੋਕਾਂ ਦਾ ਰਹਿਣ-ਸਹਿਣ ਅਤੇ ਜੀਵਨ ਪੱਧਰ ਵੱਖੋਂ-ਵੱਖਰਾ ਹੁੰਦਾ ਹੈ। ਨਾਚਾਂ ਵਿਚ ਉਸ ਸਮਾਜ ਦੇ ਲੋਕਾਂ ਦੀ ਜੀਵਨ ਸ਼ੈਲੀ ਝਲਕਦੀ ਸਾਫ਼ ਨਜ਼ਰੀ ਆਉਂਦੀ ਹੈ।
ਪੁਰਸ਼ਾਂ ਦੇ ਰੋਜ਼ਮਰਾ ਦੇ ਕੰਮ ਵੀ ਲੋਕ ਨ੍ਰਿਤ ਕ੍ਰਿਆਵਾਂ ਦਾ ਆਧਾਰ ਬਣੇ ਸਨ ਜਿਵੇਂ ਕਿਸ਼ਤੀ ਚਲਾਉਣਾ, ਹਲ ਚਲਾਉਣਾ, ਮੱਛੀ ਫੜਨਾ, ਆਪਣੀ ਸੁਰੱਖਿਆਂ ਲਈ ਸੋਟੀਆਂ ਨੂੰ ਦੋਵੇਂ ਹੱਥਾਂ ਨਾਲ ਸਿਰ ਤੋਂ ਪੈਰਾਂ ਦੀ ਰੱਖਿਆ ਲਈ ਇਸ ਤਰ੍ਹਾਂ ਘੁਮਾਉਣਾ ਕਿ ਇਕੱਲਾ ਵਿਅਕਤੀ ਇਕ ਤੋਂ ਵੱਧ ਲੋਕਾਂ ਦੇ ਵਾਰ ਨੂੰ ਰੋਕ ਸਕੇ, ਇਹ ਕਿਰਿਆ ਵੀ ਲੋਕ ਨ੍ਰਿਤਾਂ ਵਿਚ ਕਈ ਤਰ੍ਹਾਂ ਪ੍ਰਯੋਗ ਹੁੰਦੀ ਹੈ।1
ਸਪੱਸ਼ਟ ਹੈ ਕਿ ਗਿੱਧਾ ਜਾਂ ਹੋਰ ਲੋਕ ਨਾਚ ਨੱਚਣਾ ਮਨੁੱਖ ਦੀ ਫ਼ਿਤਰਤ ਵਿਚ ਹੀ ਹੈ ਪਰ ਮਨੁੱਖ ਦੇ ਰਹਿਣ-ਸਹਿਣ ਨੇ ਵੀ ਇਸ ਵਿਚ ਆਪਣੇ ਰੰਗ ਭਰੇ। ਮਨੁੱਖ ਨੇ ਆਪਣੇ ਰੋਜ਼ਾਨਾਮਚਾ ਜੀਵਨ ਵਿਚ ਜੋ ਵੀ ਕਿਰਤ ਕੀਤੀ ਉਸ ਵਿਚੋਂ ਲੈਅ ਅਤੇ ਤਾਲ ਪੈਦਾ ਹੋਏ। ਇਸ ਤਰ੍ਹਾਂ ਮਨੁੱਖ ਨੇ ਆਪਣੇ ਮਨ ਦੇ ਵਲਵਲਿਆਂ ਨੂੰ ਸਰੀਰਕ ਮੁਦਰਾਵਾਂ ਰਾਹੀਂ ਪ੍ਰਗਟ ਕਰਨਾ ਸ਼ੁਰੂ ਕਰ ਦਿੱਤਾ। ਪੰਜਾਬ ਦਾ ਲੋਕ ਨਾਚ ਗਿੱਧਾ ਵੀ ਪੰਜਾਬ, ਪੰਜਾਬੀਅਤ, ਅਤੇ ਲੋਕ ਵਿਰਸੇ ਦੀ ਤਰਜ਼ਮਾਨੀ ਕਰਦਾ ਹੈ। ਇਸ ਨ੍ਰਿਤ ਵਿਚ ਪੰਜਾਬ ਦੇ ਲੋਕਾਂ ਦੀਆਂ ਮਾਨਸਿਕ ਗੁੰਝਲਾਂ ਮਨੁੱਖ ਦੀਆਂ ਸਰੀਰਕ ਅਦਾਵਾਂ ਰਾਹੀਂ ਪੇਸ਼ ਹੁੰਦੀਆਂ ਹਨ। ਗਿੱਧਾ ਲੋਕ ਨਾਚ ਔਰਤਾਂ ਵੱਲੋਂ ਖੁਸ਼ੀ ਦੇ ਮੌਕੇ ਤੇ ਨੱਚਿਆ ਜਾਂਦਾ ਹੈ। ਪਰ ਅਜੋਕੇ ਮੀਡੀਆ ਦੇ ਯੁੱਗ ਵਿਚ ਇਹ ਨ੍ਰਿਤ ਸਭਿਆਚਾਰਕ ਸਮਾਗਮਾਂ ਉੱਪਰ ਵੀ ਨੱਚਿਆ ਜਾਂਦਾ ਹੈ। ਪੰਜਾਬ ਵਿਚ ਮੁੱਖ ਤੌਰ ਤੇ ਔਰਤਾਂ ਦਾ ਗਿੱਧਾ ਹੀ ਪ੍ਰਚੱਲਿਤ ਹੈ ਪਰ ਹੁਣ ਇਸ ਨਾਚ ਨੂੰ ਮਰਦ ਨਚਾਰਾਂ ਵੱਲੋਂ ਵੀ ਨੱਚਿਆਂ ਜਾਂਦਾ ਹੈ। ਇਸ ਨਾਚ ਨੂੰ ਔਰਤ ਅਤੇ ਮਰਦ ਆਪਣੀ ਸਰੀਰਕ ਬਣਤਰ ਅਤੇ ਬੁਣਤਰ ਦੇ ਆਧਾਰ ਤੇ ਵੱਖ-ਵੱਖ ਢੰਗ ਨਾਲ ਨੱਚਦੇ ਹਨ। ਗਿੱਧਾ ਔਰਤਾਂ ਵੱਲੋਂ ਸਮੂਹਿਕ ਤੌਰ ਤੇ ਨੱਚਿਆ ਜਾਣ ਵਾਲਾ ਨਾਚ ਹੈ। ਇਸ ਨਾਚ ਨੂੰ ਖੁਸ਼ੀ ਦਾ ਨਾਚ ਵੀ ਕਿਹਾ ਜਾਂਦਾ ਹੈ। ਗਿੱਧਾ ਔਰਤਾਂ ਵੱਲੋਂ ਤਿੰਨ ਮੌਕਿਆਂ ਤੇ ਨੱਚਿਆ ਜਾਂਦਾ ਹੈ।

**DOI**
10.29121/shodhkosh.v5.i1.2024.5971

**Funding:** This research received no specific grant from any funding agency in the public, commercial, or not-for-profit sectors.

**Copyright:** © 2024 The Author(s). This work is licensed under a Creative Commons Attribution 4.0 International License.

With the license CC-BY, authors retain the copyright, allowing anyone to download, reuse, re-print, modify, distribute, and/or copy their contribution. The work must be properly attributed to its author.

# 1. प्रस्तावना

1) ਵਿਆਹੁਲਾ ਗਿੱਧਾ
2) ਤੀਆਂ ਦਾ ਗਿੱਧਾ
3) ਜਾਗੋਂ ਨ੍ਰਿਤ

ਗਿੱਧਾ ਲੋਕ ਨਾਚ ਔਰਤਾਂ ਵੱਲੋਂ ਪੂਰੇ ਜੋਸ਼ ਖਰੋਸ਼ ਨਾਲ ਨੱਚਿਆ ਜਾਂਦਾ ਹੈ। ਇਸ ਨਾਚ ਵਿਚ ਹੱਥਾਂ ਅਤੇ ਪੈਰਾਂ ਨਾਲ ਲੈਅ ਅਤੇ ਤਾਲ ਪੈਦਾ ਕੀਤੀ ਜਾਂਦੀ ਹੈ। ਕਈ ਵਾਰੀ ਇਸ ਨਾਚ ਵਿਚ ਢੋਲਕੀ ਸਾਜ਼ ਨੂੰ ਵਰਤ ਲਿਆ ਜਾਂਦਾ ਹੈ। ਇਸ ਨਾਚ ਵਿਚ ਮੁਟਿਆਰਾਂ ਇਕ ਘੇਰੇ ਵਿਚ ਆਕੇ ਖੜ੍ਹ ਜਾਂਦੀਆਂ ਹਨ। ਉਹ ਮੁੱਖ ਤੌਰ ਤੇ ਇਕ ਲਾਈਨ ਵਿਚ ਇਕ ਦੂਸਰੀ ਦੇ ਸਾਹਮਣੇ ਹੋ ਕੇ ਖੜ੍ਹ ਜਾਂਦੀਆਂ ਹਨ। ਇਕ ਔਰਤ ਇਕ ਪਾਸੇਂ ਅਤੇ ਦੂਜੀ ਔਰਤ ਇਕ ਪਾਸੇਂ ਉਹਨਾਂ ਵਿਚ ਆ ਕੇ ਬੋਲੀ ਪਾਉਂਦੀਆਂ ਹਨ ਜਿਸਦਾ ਹੁੰਗਾਰਾ ਦੂਸਰੀਆਂ ਔਰਤਾਂ ਵੀ ਭਰਦੀਆਂ ਹਨ। ਇਸ ਨ੍ਰਿਤ ਵਿਚ ਸਭ ਤੋਂ ਪਹਿਲਾਂ ਬੋਲੀ ਧੀਮੀ ਸੁਰ ਵਿਚ ਪਾਈ ਜਾਂਦੀ ਹੈ ਅੰਤ ਉੱਪਰ ਜਦੋਂ ਤੋੜਾ ਝਾੜਿਆ ਜਾਂਦਾ ਹੈ ਤਾਂ ਸਾਰੀਆਂ ਮੁਟਿਆਰਾਂ ਇਕ ਲੈਅ ਵਿਚ ਨੱਚਦੀਆਂ ਹਨ। ਪੰਜਾਬ ਵਿਚ ਮੁੱਖ ਤੌਰ ਤੇ ਗਿੱਧਾ ਕੁੜੀ ਜਾਂ ਮੁੰਡੇ ਦੇ ਵਿਆਹ ਤੇ ਪਾਇਆ ਜਾਂਦਾ ਹੈ। ਇਸ ਨ੍ਰਿਤ ਨੂੰ ਮੁੰਡੇ ਜਾਂ ਕੁੜੀ ਦੇ ਵਿਆਹ ਦੇ ਨਾਨਕਿਆਂ ਅਤੇ ਦਾਦਕਿਆਂ ਵੱਲੋਂ ਨੱਚਿਆ ਜਾਂਦਾ ਹੈ। ਇਸ ਗਿੱਧੇ ਨੂੰ ਵਿਆਹੁਲਾ ਗਿੱਧਾ ਕਿਹਾ ਜਾਂਦਾ ਹੈ। ਇਸ ਗਿੱਧੇ ਵਿਚ ਮੁਟਿਆਰਾਂ ਵੱਲੋਂ ਮੁੱਖ ਤੌਰ ਤੇ ਲੈਅ ਅਤੇ ਤਾਲ ਪੈਦਾ ਕਰਨ ਲਈ ਹੱਥਾਂ ਅਤੇ ਪੈਰਾਂ ਦੀ ਵਰਤੋਂ ਕੀਤੀ ਜਾਂਦੀ ਹੈ। ਅੱਜਕਲ੍ਹ ਇਹ ਗਿੱਧਾ ਨਾਚ ਜਾਗੋ ਦਾ ਰੂਪ ਲੈ ਗਿਆ ਹੈ। ਇਸ ਨ੍ਰਿਤ ਵਿਚ ਮੁਟਿਆਰਾਂ ਆਪਣੇ ਅਵਚੇਤਨ ਮਨ ਵਿਚ ਪਏ ਭਾਵਾਂ ਨੂੰ ਬਾਹਰ ਕੱਢਦੀਆਂ ਹਨ। ਜਿਹਨਾਂ ਦਾ ਸਮਾਜਿਕ ਅਤੇ ਸਭਿਆਚਾਰਕ ਮਨਾਹੀਆਂ ਕਰਕੇ ਦਮਨ ਕੀਤਾ ਗਿਆ ਹੁੰਦਾ ਹੈ। ਮੁਟਿਆਰਾਂ ਲੋਕ ਬੋਲੀਆਂ ਅਤੇ ਸਰੀਰਕ ਮੁਦਰਾਵਾਂ ਰਾਹੀਂ ਆਪਣੇ ਭਾਵਾਂ ਦਾ ਵਿਰੇਚਨ ਕਰਦੀਆਂ ਹਨ। ਗਿੱਧਾ ਮੁੱਖ ਤੌਰ ਤੇ ਮਰਦਾਂ ਦੀ ਗੈਰ-ਹਾਜ਼ਰੀ ਵਿਚ ਨੱਚਿਆ ਜਾਣ ਵਾਲਾ ਨਾਚ ਹੈ।

ਪੰਜਾਬਣਾਂ ਦੇ ਲੋਕ ਨਾਚਾਂ ਦੀ ਇਕ ਹੋਰ ਸਾਂਝੀ ਪਹਿਚਾਣ ਇਹ ਹੈ ਕਿ ਇਹ ਸਮੁੱਚੇ ਤੌਰ ਤੇ ਮਰਦਾਂ ਸਾਹਮਣੇ ਨਹੀਂ ਨੱਚੇ ਜਾਂਦੇ। ਬਦਲਦੇ ਪਰਿਪੇਖਾਂ ਵਿਚ ਭਾਂਵੇਂ ਅਜਿਹਾ ਹੋ ਸਕਦਾ ਹੈ, ਪਰੰਤੂ ਲੋਕ ਨਾਚ ਨੱਚਦੀਆਂ ਔਰਤਾਂ ਆਪਣੇ ਭਰਾ ਤੱਕ ਨੂੰ ਵੀ ਨੇੜੇ ਨਹੀਂ ਆਉਣ ਦਿੰਦੀਆਂ ਸਨ। ਇਸ ਦਾ ਕਾਰਣ ਇਹ ਹੈ ਕਿ ਉਹ ਆਪਣੇ ਨਿਸ਼ੰਗ ਭਾਵਾਂ ਦਾ ਪ੍ਰਗਟਾ ਅਜ਼ਾਦਾਨਾ ਰੂਪ ਵਿਚ ਨਿਰੋਲ ਇਸਤਰੀਆਂ, ਚਾਹੇ ਉਹ ਵਿਆਹੀਆਂ ਵਰੀਆਂ ਹਨ, ਜਾਂ ਕੁਆਰੀਆਂ ਕੁੜੀਆਂ ਹਨ ਜਾਂ ਬਜ਼ੁਰਗ ਔਰਤਾਂ ਹਨ ਸਾਹਮਣੇ ਹੀ ਬੇਝਿਜਕ ਕਰ ਸਕਦੀਆਂ ਹਨ।2

ਸੋ ਜਦੋਂ ਵਿਆਹ ਦੇ ਸਮੇਂ ਬਰਾਤ ਕੁੜੀ ਨੂੰ ਵਿਆਹੁਣ ਲਈ ਚਲੀ ਜਾਂਦੀ ਹੈ। ਤਾਂ ਮਰਦਾਂ ਦੀ ਗੈਰ-ਹਾਜ਼ਰੀ ਵਿਚ ਔਰਤਾਂ ਵੱਲੋਂ ਗਿੱਧਾ ਲੋਕ ਨ੍ਰਿਤ ਨੱਚਿਆ ਜਾਂਦਾ ਹੈ। ਇਸ ਨਾਚ ਨੂੰ ਉਹ ਬੇਖੌਫ਼ ਹੋ ਕੇ ਨੱਚਦੀਆਂ ਹਨ ਅਤੇ ਵੱਖ-ਵੱਖ ਸਵਾਂਗ ਧਾਰਦੀਆਂ ਹਨ। ਉਹ ਖੁੱਲਮ ਖੁੱਲੀਆਂ ਬੋਲੀਆਂ ਰਾਹੀਂ ਆਪਣੇ ਮਨ ਦੇ ਗੁਭਾਟ ਕੱਢਦੀਆਂ ਹਨ। ਇਹ ਨਾਚ ਬੇਖੌਫ਼ ਹੋ ਕੇ ਨੱਚਿਆ ਜਾਂਦਾ ਹੈ। ਇਸ ਨਾਚ ਵਿਚ ਮਰਦ ਦੀ ਗੈਰ-ਹਾਜ਼ਰੀ ਵਿਚ ਨੱਚੇ ਜਾਣ ਦਾ ਮੁੱਖ ਕਾਰਨ ਇਹ ਹੈ ਕਿ ਗਿੱਧੇ ਨ੍ਰਿਤ ਵਿਚ ਔਰਤਾਂ ਆਪਣੇ ਮਨ ਦੇ ਭਾਵ ਬਾਹਰ ਕੱਢਦੀਆਂ ਹਨ ਜੇ ਮਰਦ ਉਸ ਸਮੇਂ ਹਾਜ਼ਰ ਹੋਵੇਗਾ ਤਾਂ ਉਹ ਆਪਣੇ ਮਨ ਦਾ ਵਿਰੇਚਨ ਨਹੀਂ ਕਰ ਸਕਣਗੀਆਂ। ਮਨੁੱਖ ਦੇ ਮਨ ਅੰਦਰ ਦਮਿਤ ਭਾਵਨਾਵਾਂ ਉਦੋਂ ਹੀ ਬਾਹਰ ਆਉਣਗੀਆਂ ਜਦੋਂ ਉਸਦੇ ਉੱਪਰ ਸਮਾਜਕ ਤੇ ਸਭਿਆਚਾਰਕ ਸ਼ਕਤੀਆਂ ਦਾ ਦਬਾਉ ਨਹੀਂ ਹੋਵੇਗਾ।

ਔਰਤ-ਮਰਦ ਪ੍ਰਤੀ ਖਿੱਚ ਤਾਂ ਕੁਦਰਤੀ ਹੈ ਪਰ ਜਦੋਂ ਸਾਡਾ ਸਮਾਜ ਔਰਤ ਮਰਦ ਦੇ ਸੰਬੰਧਾਂ ਨੂੰ ਤਰਜੀਹ ਦੇ ਕੇ ਸੈਂਸਰ ਨਹੀਂ ਲਗਾਵੇਗਾ ਤਾਂ ਹੀ ਸਾਡਾ ਸਮਾਜ ਖੁਸ਼ਹਾਲ ਬਣ ਸਕੇਗਾ। ਇਹ ਸਮਾਜਿਕ ਮਨਾਹੀਆਂ ਤੇ ਪ੍ਰਵਾਨਗੀਆਂ ਮਨੁੱਖ ਨੂੰ ਸਭਿਅਕ ਬਣਾਉਣ ਤੇ ਲੱਗੀਆਂ ਹੋਈਆਂ ਹਨ। ਇਸ ਪਿੱਛੇ ਰਾਜਸੱਤਾ ਦਾ ਹੱਥ ਵੀ ਹੈ ਕਿਉਂਕਿ ਡਾਵਾਂਡੋਲ ਮਨੁੱਖ ਹੀ ਰਾਜਸੱਤਾ ਦੀ ਵਿਰੋਧਤਾ ਨਹੀਂ ਕਰ ਸਕਦਾ। ਇਸ ਕਰਕੇ ਮਨੁੱਖ ਆਪਣੇ ਚੌਗਿਰਦੇ ਤੋਂ ਦੂਰ ਹੁੰਦਾ ਜਾ ਰਿਹਾ ਹੈ। ਆਰਥਿਕ ਸ੍ਰੋਤਾਂ ਦੀ ਕਾਣੀ ਵੰਡ ਉਸਦੀ ਜੀਵਨ ਸ਼ੈਲੀ ਨੂੰ ਨਿਰਧਾਰਿਤ ਕਰਦੀ ਹੈ ਕਿਉਂਕਿ ਮਨੁੱਖ ਦੀ ਮਾਨਸਿਕ ਸਥਿਤੀ ਵੀ ਉਸਦੇ ਜੀਵਨ ਪੱਧਰ ਤੇ ਖੜ੍ਹੀ ਹੁੰਦੀ ਹੈ। ਮਨੁੱਖ ਨੂੰ ਅਜੋਕੇ ਯੁੱਗ ਵਿਚ ਕੁਦਰਤ ਨਾਲ ਜੁੜਨ ਦੀ ਜ਼ਰੂਰਤ ਹੈ ਪਰ ਜਦੋਂ ਮਨੁੱਖ ਕੁਦਰਤ ਤੋਂ ਬਹੁਤ ਦੂਰ ਹੋ ਜਾਂਦਾ ਹੈ ਅਤੇ ਉਸਦੇ ਭਾਵ ਸਮਾਜਕ ਬੰਧਿਸ਼ਾਂ ਕਾਰਨ ਦਬ ਜਾਂਦੇ ਹਨ ਤਾਂ ਉਹ ਇਹਨਾਂ ਦਾ ਜਦੋਂ ਵਹਾਅ ਨਹੀਂ ਕਰਦਾ ਤਾਂ ਉਹ ਮਾਨਸਿਕ ਰੋਗੀ ਹੋ ਜਾਂਦਾ ਹੈ। ਉਹ ਇਹਨਾਂ ਦੱਬੇ-ਕੁਚਲੇ ਭਾਵਾਂ ਨੂੰ ਬਾਹਰ ਕੱਢਣ ਦੀ ਕੋਸ਼ਿਸ਼ ਕਰਦਾ ਹੈ। ਮਨੁੱਖ ਇਹਨਾਂ ਭਾਵਨਾਵਾਂ ਦਾ ਪ੍ਰਗਟਾਵਾ ਨਹੀਂ ਕਰਦਾ ਸਗੋਂ ਸਰੀਰਕ ਮੁਦਰਾਵਾਂ ਜਾਂ ਹਰਕਤਾਂ ਰਾਹੀਂ ਬਾਹਰ ਕੱਢਦਾ ਹੈ। ਉਹ ਕਿਸ ਮੁਦਰਾ ਰਾਹੀਂ ਕਿਸ ਭਾਵ ਦਾ ਪ੍ਰਗਟਾ ਕਰਦਾ ਹੈ। ਇਸ ਖੋਜ ਵਿਚ ਅਜੋਕੇ ਮਨੋਵਿਗਿਆਨੀ ਲੱਗੇ ਹੋਏ ਹਨ। ਭਵਿੱਖ ਹੀ ਦੱਸੇਗਾ ਕੀ ਉਹ ਕਿਸ ਨਤੀਜੇ ਤੇ ਪਹੁੰਚਦੇ ਹਨ। ਅਸੀਂ ਵੀ ਇਸ ਮੁਦਰਾਵਾਂ ਰਾਹੀਂ ਲੋਕ ਨ੍ਰਿਤ ਮੁਟਿਆਰਾਂ ਦੇ ਵਿਆਹੁਲੇ ਗਿੱਧੇ ਦੀਆਂ ਵੱਖ-ਵੱਖ ਵਿਦਵਾਨਾਂ ਅਤੇ ਆਪਣੇ ਅਧਿਐਨ ਰਾਹੀਂ ਇਸ ਦੀਆਂ ਬਾਰੀਕੀਆਂ ਨੂੰ ਫੜ੍ਹਨ ਦੀ ਕੋਸ਼ਿਸ਼ ਕਰਾਂਗੇ।

ਮਨੁੱਖ ਦਾ ਵਿਕਾਸ ਆਦਿ-ਮਾਨਵ ਦੇ ਸਮੇਂ ਤੋਂ ਹੋਣਾ ਸ਼ੁਰੂ ਹੋਇਆ ਹੈ। ਮਨੁੱਖੀ ਵਿਕਾਸ ਵਿਚ ਬਹੁਤ ਸਾਰੇ ਕੁਦਰਤੀ ਕਾਰਨਾਂ ਅਤੇ ਕਾਰਜਾਂ ਨੇ ਹਿੱਸਾ ਪਾਇਆ। ਮਨੁੱਖ ਨੂੰ ਚਾਰ ਪੈਰਾਂ ਵਾਲੇ ਜੀਵ ਤੋਂ ਦੋ ਪੈਰਾਂ ਵਾਲੇ ਜੀਵ ਦੀ ਸੰਰਚਨਾ ਵਿਚ ਤਬਦੀਲ ਹੋਣ ਲਈ ਕਾਫ਼ੀ ਮੁਸ਼ੱਕਤ ਕਰਨੀ ਪਈ। ਲੇਟਵੇ ਤੋਂ ਖੜਵੇ ਦਾਅ ਵਿਚ ਆਉਣ ਤੇ ਉਸਦੇ ਦਿਮਾਗ ਨੇ ਵਿਕਾਸ ਕਰਨਾ ਸ਼ੁਰੂ ਕਰ ਦਿੱਤਾ ਜਿਸ ਵਿਚੋਂ ਮਨੁੱਖੀ ਮਨ ਦਾ ਵਿਕਾਸ ਹੋਇਆ। ਦਿਮਾਗੀ ਵਿਕਾਸ ਕਰਕੇ ਹੀ ਮਨੁੱਖ ਬਾਕੀ ਜੀਵ-ਜੰਤੂਆਂ ਤੋਂ ਭਿੰਨ ਹੈ। ਮਨੁੱਖੀ ਸਭਿਅਤਾ ਦੇ ਵੱਖ-ਵੱਖ ਪੜਾਵਾਂ ਤੇ ਮਨੁੱਖ ਨੂੰ ਅਨੇਕ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਉਸ ਸਮੇਂ ਦੀ ਸਥਿਤੀ ਦੇ ਆਧਾਰ ਤੇ ਇਹ ਵਰਤਾਰੇ ਉਸਦੇ ਧੁਰ ਅੰਦਰ ਦੀਆਂ ਗਹਿਰਾਈਆਂ ਤੱਕ ਡੂੰਘੇ ਧੱਸ ਗਏ। ਜਿਹਨਾਂ ਨੂੰ ਅੱਜ ਵੀ ਉਸ ਦੀਆਂ ਸਰੀਰਕ ਹਰਕਤਾਂ ਵਿਚ ਦੇਖਿਆ ਜਾ ਸਕਦਾ ਹੈ। ਜਾਂਗਲੀ ਮਨ ਦੀਆਂ ਭਾਵਨਾਵਾਂ ਦੇ ਦ੍ਰਿਸ਼ ਅੱਜ ਵੀ ਉਸਦੇ ਜੈਸਚਰਾਂ ਵਿਚ ਦੇਖੇ ਜਾ ਸਕਦੇ ਹਨ। ਇਸੇ ਤਰ੍ਹਾਂ ਵਿਆਹੁਲਾ ਗਿੱਧਾ ਨ੍ਰਿਤ ਵਿਚ ਪੇਸ਼ ਹੋ ਰਹੀਆਂ ਵੱਖ-ਵੱਖ ਮੁਦਰਾਵਾਂ ਦੀ ਪੇਸ਼ਕਾਰੀ ਹੁੰਦੀ ਹੈ। ਇਸ ਵਿਚ ਮਨੁੱਖ ਜ਼ਿੰਦਗੀ ਦੇ ਰੋਜ਼ਮਰਾ ਕਾਰਜ ਦੌਰਾਨ ਲੈਅ ਅਤੇ ਤਾਲ ਪੈਦਾ ਕਰਕੇ ਜੋ ਮਾਨਸਿਕ ਸਥਿਤੀ ਬਣਾਈ ਉਸਦੇ ਨਾਚਾਂ ਦਾ ਵਿਕਾਸ ਅਤੇ ਉਸ ਵਿਚ ਵਰਤੇ ਜਾਂਦੇ ਸੰਗੀਤ ਦਾ ਜਨਮ ਹੋਇਆ। ਲੋਕ ਨਾਚ ਵਿਆਹੁਲਾ ਗਿੱਧਾ ਵਿਚ ਔਰਤਾਂ ਆਪਣਾ ਲੱਕ ਹਿਲਾਉਂਦੀਆਂ ਹਨ ਇਸ ਪਿੱਛੇ ਮਨੁੱਖੀ ਅਚੇਤਨ ਮਨ ਕਾਰਜ ਕਰ ਰਿਹਾ ਹੁੰਦਾ ਹੈ।

ਜਿਵੇਂ ਘਰਾਂ ਵਿਚ ਪਹਿਲਾਂ ਨਲਕੇ ਨਹੀਂ ਹੁੰਦੇ ਸਨ, ਔਰਤਾਂ ਸਿਰ ਤੇ ਮਟਕੀ ਰੱਖ ਕੇ ਤਲਾਬ ਤੋਂ ਪਾਣੀ ਭਰਨ ਜਾਂਦੀਆਂ ਸਨ। ਉਹ ਸਿਰ ਉੱਤੇ ਰੱਖੀ ਮਟਕੀ ਨੂੰ ਦੋਵਾਂ ਹੱਥਾਂ ਨਾਲ ਫੜ੍ਹ ਕੇ ਇਸ ਤਰ੍ਹਾਂ ਚੱਲਦੀ ਸੀ ਕੇ ਕਿਤੇ ਪਾਣੀ ਛਲਕ ਨਾ ਜਾਵੇ। ਉਹਨਾਂ ਦੇ ਸਰੀਰ ਦਾ ਨੀਚੇ ਵਾਲਾ ਭਾਗ ਮਟਕਦਾ ਹੋਇਆ ਬਹੁਤ ਹੀ ਸੁੰਦਰ ਪ੍ਰਤੀਤ ਹੁੰਦਾ ਸੀ।ਪੈਰਾਂ ਅਤੇ ਪਿੰਜਣੀ ਦੀ ਝਨਝਨਾਹਟ ਲੈਅ ਅਤੇ ਤਾਲ ਪੈਦਾ ਕਰਦੀ ਸੀ। ਇਹ ਕਿਰਿਆ ਲਗਭਗ ਹਰੇਕ ਦੇਸ਼ ਦੇ ਨ੍ਰਿਤ ਵਿਚ ਆਮ ਹੀ ਦਿਖਾਈ ਦਿੰਦੀ ਹੈ।3

ਨਾਚਾਂ ਵਿਚ ਹੋਣ ਵਾਲੀਆਂ ਵੱਖ-ਵੱਖ ਕ੍ਰਿਆਵਾਂ ਮਨੁੱਖ ਦੇ ਦੈਨਿਕ ਜੀਵਨ ਵਿਚੋਂ ਹੀ ਉਪਜੀਆਂ ਹਨ। ਇਹ ਵੱਖ-ਵੱਖ ਖਿੱਤਿਆਂ ਵਿਚ ਵਿਭਿੰਨਤਾਵਾਂ ਵੀ ਰੱਖਦੀਆਂ ਹਨ। ਇਕ ਖਿੱਤੇ ਦੀ ਕਲਾ ਦੂਸਰੇ ਖਿੱਤੇ ਨੂੰ ਪ੍ਰਭਾਵਿਤ ਵੀ ਕਰ ਰਹੀ ਹੁੰਦੀ ਹੈ। ਕਈ ਵਾਰ ਤਾਂ ਇਹਨਾਂ ਕਲਾਵਾਂ ਦਾ ਦੂਜੀਆਂ ਵਿਚ ਰੂਪਾਂਤਰਣ ਵੀ ਹੋ ਜਾਂਦਾ ਹੈ। ਪੰਜਾਬ ਦੇ ਲਗਭਗ ਹਰੇਕ ਲੋਕ ਨਾਚ ਵਿਚ ਔਰਤਾਂ ਆਪਣੇ ਮਨ ਦੇ ਭਾਵਾਂ ਨੂੰ ਹੱਥਾਂ ਬਾਹਾਂ ਨੂੰ ਅੱਗੇ ਪਿਛੇ ਉਛਾਲ ਕੇ ਜਾਂ ਇਸ਼ਾਰੇ ਕਰਕੇ ਚਿੰਨ੍ਹਾਤਮਕ ਰੂਪ ਵਿਚ ਪ੍ਰਗਟਾ ਰਹੀ ਹੁੰਦੀ ਹੈ। ਉਹ ਵੀ ਉਸਦੇ ਦੈਨਿਕ ਜੀਵਨ ਦਾ ਹਿੱਸਾ ਹੁੰਦਾ ਹੈ। ਵਿਆਹੁਲੇ ਗਿੱਧੇ ਵਿਚ ਔਰਤਾਂ ਆਪਣੇ ਸਰੀਰ ਦੇ ਹੇਠਲੇ ਭਾਗ ਅਤੇ ਉਪਰਲੀਆਂ ਬਾਹਾਂ ਦੀ ਚਾਲ ਅਤੇ ਪੈਰਾਂ ਦੀ ਧਮਕ ਨਾਲ ਉਹ ਲੈਅ ਅਤੇ ਤਾਲ ਨੂੰ ਬਰਕਰਾਰ ਰੱਖਦੀਆਂ ਹਨ। ਇਸ ਤਰ੍ਹਾਂ ਕਰਨ ਨਾਲ ਉਸਦਾ ਸਰੀਰਕ ਸੰਤੁਲਨ ਵੀ ਬਣਿਆ ਰਹਿੰਦਾ ਹੈ। ਉਹ ਆਪਣੇ ਹੱਥਾਂ ਦੀਆਂ ਮੁੱਠੀਆਂ ਨੂੰ ਜਦੋਂ ਤਾਲ ਰਾਹੀਂ ਖੋਲ ਰਹੀ ਹੁੰਦੀ ਹੈ ਤਾਂ ਉਹ ਮੱਝ ਚੋਣ ਦੇ ਭਾਵ ਦੀ ਪੇਸ਼ਕਾਰੀ ਕਰ ਰਹੀ ਹੁੰਦੀ ਹੈ। ਵਿਆਹੁਲਾ ਗਿੱਧਾ ਬਹੁਤ ਹੀ ਹਿੰਸਕ ਹੁੰਦਾ ਹੈ। ਮੁਟਿਆਰਾਂ ਇਸਨੂੰ ਬੜੇ ਜੋਸ਼-ਖਰੋਸ਼ ਨਾਲ ਨੱਚਦੀਆਂ ਹਨ।ਜਦੋਂ ਉਹ ਧਰਤੀ ਤੇ ਪੈਰ ਮਾਰਦੀਆਂ ਹਨ ਗਿੱਧਾ ਹੋਰ ਵੀ ਜ਼ੋਰ ਫੜਦਾ ਹੈ।

> ਇਸਤਰੀਆਂ ਆਪਣੀਆਂ ਨਾਚ ਮੁਦਰਾਵਾਂ ਵਿਚ ਜਦੋਂ ਪੈਰਾਂ ਦੀਆਂ ਅੱਡੀਆਂ ਨਾਲ ਧਰਤੀ ਤੇ ਥਾਪ ਲਗਾਉਦੀਆਂ ਹਨ ਤਾਂ ਇਸ ਤੋਂ ਇਹ ਭਾਵ ਲਿਆ ਜਾਂਦਾ ਹੈ ਕਿ ਧਰਤੀ ਮਾਤਾ ਨੂੰ ਜਗਾ ਕੇ ਰਿਝਾ ਰਹੀਆਂ ਹਨ।4

ਗਿੱਧਾ ਇਕ ਤਾਲੀ ਨਾਚ ਹੈ। ਇਸ ਨਾਲ ਮੁਟਿਆਰਾਂ ਦੇ ਅੰਗਾਂ ਵਿਚ ਲਚਕਤਾ ਆਉਂਦੀ ਹੈ। ਉਸਦੇ ਸਾਰੇ ਸਰੀਰਕ ਅੰਗ ਹਰਕਤ ਵਿਚ ਆਉਂਦੇ ਹਨ। ਇਸ ਕਰਕੇ ਉਹ ਸਰੀਰਕ ਤੌਰ ਤੇ ਰਿਸ਼ਟ-ਪੁਸ਼ਟ ਰਹਿੰਦੀ ਹੈ। ਸਮੇਂ ਸਿਰ ਭਾਵਾਂ ਦਾ ਵਿਰੇਚਨ ਹੁੰਦਾ ਹੋਣ ਕਰਕੇ ਉਹ ਆਪਣੇ ਸਭਿਆਚਾਰਕ ਤੇ ਮਾਨਸਿਕ ਦਬਾਵਾਂ ਨੂੰ ਵੀ ਨਹੀਂ ਗੌਲਦੀਆਂ। ਵੇਖਿਆ ਜਾਵੇ ਤਾਂ ਸਾਡੀਆਂ ਔਰਤਾਂ ਅਤੇ ਮਰਦਾਂ ਦੇ ਗਿੱਧੇ ਦੀਆਂ ਮੁਦਰਾਵਾਂ ਖੇਡਾਂ ਜਾਂ ਖਿਡਾਰੀਆਂ ਨਾਲ ਵੀ ਮਿਲਦੀਆਂ ਹਨ ਕਿਉਂਕਿ ਖਿਡਾਰੀ ਵੀ ਆਪਣੇ ਸਰੀਰ ਨੂੰ ਲਚਕਤਾ ਭਰਪੂਰ ਬਣਾਉਣ ਲਈ ਸਟੈਚਿੰਗ ਕਰਦੇ ਸਮੇਂ ਅਜਿਹੀਆਂ ਮੁਦਰਾਵਾਂ ਰਾਹੀਂ ਆਪਣੇ ਸਰੀਰ ਨੂੰ ਅਰਾਮਦਾਇਕ ਅਤੇ ਲਚਕ ਭਰਪੂਰ ਬਣਾਉਂਦੇ ਹਨ। ਇਸ ਤਰ੍ਹਾਂ ਉਹਨਾਂ ਦੇ ਸਰੀਰ ਦਾ ਸੰਤੁਲਨ ਬਣਿਆ ਰਹਿੰਦਾ ਹੈ ਅਤੇ ਉਹ ਆਪਣੇ ਮਾਨਸਿਕ ਦਬਾਵਾਂ ਤੋਂ ਵੀ ਨਿਰਲੇਪ ਰਹਿੰਦੇ ਹਨ। ਗਿੱਧੇ ਦੀਆਂ ਅਤੇ ਖਿਡਾਰੀਆਂ ਦੀਆਂ ਸਰੀਰਕ ਮੁਦਰਾਵਾਂ ਵਿਚ ਬੁਨਿਆਦੀ ਫ਼ਰਕ ਇਹੀ ਹੈ ਕਿ ਗਿੱਧਾ ਨ੍ਰਿਤ ਪੂਰੇ ਜੋਸ਼ ਨਾਲ ਨੱਚਿਆ ਜਾਂਦਾ ਹੈ ਪਰ ਖਿਡਾਰੀ ਆਪਣੇ ਸਰੀਰ ਵਿਚ ਲਚਕਤਾ ਲਿਆਉਣ ਲਈ ਇਸਨੂੰ ਬੜੇ ਹੀ ਅਰਾਮਦਾਇਕ ਤਰੀਕੇ ਨਾਲ ਕਰਦਾ ਹੈ। ਦੇਖਣ ਵਾਲੀ ਗੱਲ ਇਹ ਹੈ ਕਿ ਖਿਡਾਰੀਆਂ ਦੀਆਂ ਖੇਡਾਂ ਅਤੇ ਨ੍ਰਿਤ ਦੀਆਂ ਮੁਦਰਾਵਾਂ ਵਿਚ ਕਿੰਨੀ ਕੁ ਸਾਂਝ ਹੈ ਇਹ ਸਾਂਝ ਕਿਸ ਪੱਧਰ ਦੀ ਹੈ। ਇਸਦਾ ਇਕ ਦੂਜੇ ਵਿਚ ਰੂਪਾਂਤਰਣ ਹੋਇਆ ਹੈ ਜਾਂ ਨਹੀਂ ਜੇ ਰੂਪਾਂਤਰਣ ਹੋਇਆ ਹੈ ਤਾਂ ਕਿਸ ਪੱਧਰ ਤੇ ਕਿਸ ਭੂਗੋਲਿਕ ਪ੍ਰਸਥਿਤੀਆਂ ਵਿਚ ਹੋਇਆ ਹੈ। ਵਿਆਹੁਲਾ ਗਿੱਧਾ ਵਿਚ ਔਰਤਾਂ ਕਈ ਪ੍ਰਕਾਰ ਦੀਆਂ ਅਵਾਜ਼ਾਂ ਕੱਢਦੀਆਂ ਹਨ। ਜਿਵੇਂ ਹਾਈ ਸ਼ਾਵਾਂ, ਹਾਏ-ਹਾਏ, ਇਹ ਅਵਾਜ਼ਾਂ ਮਨੁੱਖ ਦੇ ਸਮੂਹਿਕ ਕਾਰਜ ਕਰਦੇ ਸਮੇਂ ਉਭਰਦੀਆਂ ਹਨ। ਜਦੋਂ ਮਨੁੱਖ ਸਮੂਹਿਕ ਤੌਰ ਤੇ ਜੋਸ਼ ਜਾਂ ਜ਼ੋਰ ਵਾਲਾ ਕਾਰਜ ਕਰਦਾ ਹੈ ਤਾਂ ਸਾਰਿਆਂ ਵਿਅਕਤੀਆਂ ਦੇ ਜ਼ੋਰ ਨੂੰ ਇਕਮੁੱਠ ਅਤੇ ਲੈਅਬੱਧ ਕਰਨ ਲਈ ਹੇਲਾ ਵਰਗੇ ਸ਼ਬਦ ਉਚਾਰਦਾ ਹੈ ਤਾਂ ਜੋ ਸਾਰੇ ਵਿਅਕਤੀ ਸਮੂਹਿਕ ਤੌਰ ਤੇ ਇਕੋਂ ਸਮੇਂ ਜ਼ੋਰ ਲਗਾਉਣ ਇਸ ਤਰ੍ਹਾਂ ਉਹਨਾਂ ਦਾ ਸੰਤੁਲਨ ਬਣ ਜਾਂਦਾ ਹੈ। ਔਰਤਾਂ ਵੱਲੋਂ ਵੀ ਇਹਨਾਂ ਸ਼ਬਦਾਂ ਦਾ ਉਚਾਰਨ ਕਰਨਾ ਉਹਨਾਂ ਦੇ ਨ੍ਰਿਤ ਵਿਆਹੁਲੇ ਗਿੱਧੇ ਨੂੰ ਇਕਸਾਰਤਾ ਅਤੇ ਸੁਮਾਪਤਾ ਬਖ਼ਸ਼ਦਾ ਹੈ।

ਉਹ ਧਰਤੀ ਮਾਤਾ ਤੇ ਪੈਰ ਮਾਰ ਕੇ ਧਰਤੀ ਮਾਤਾ ਨੂੰ ਜਗਾਉਣ ਦੇ ਨਾਲ ਦੋਵੇਂ ਹੱਥ ਜੋੜ ਕੇ ਉਸਨੂੰ ਪ੍ਰਣਾਮ ਦੀ ਮੁਦਰਾ ਕਰਦੀਆਂ ਹੋਈਆਂ ਆਪਣੇ ਹੱਥਾਂ ਨੂੰ ਉਪਰ ਅਸਮਾਨ ਵਿਚ ਲਿਜਾ ਕੇ ਪਰਮਾਤਮਾ ਦੀ ਅਰਾਧਨਾ ਕਰਦੀਆਂ ਪ੍ਰਤੀਤ ਹੁੰਦੀਆਂ ਹਨ। ਕਿਉਂਕਿ ਹਰੇਕ ਨਾਚ ਵਿਚ ਮਨੁੱਖੀ ਮਨ ਵਿਚ ਵੱਸੇ ਜਾਦੂਈ ਚਿੰਤਨ ਦੇ ਅੰਸ਼ ਪਏ ਹੀ ਹੁੰਦੇ ਹਨ। ਵਿਆਹੁਲਾ ਗਿੱਧਾ ਵਿਚ ਔਰਤਾਂ ਆਪਣਾ ਹਾਰ-ਸ਼ਿੰਗਾਰ ਵੀ ਕਰਦੀਆਂ ਹਨ। ਉਹ ਜ਼ਿਆਦਾਤਰ ਘੱਗਰਾ ਜਾ ਸਲਵਾਰ ਦੇ ਨਾਲ ਕੁੜਤੀ , ਪੈਰ ਵਿਚ ਜੁੱਤੀ, ਗੁੱਤ ਵਿਚ ਪਰਾਂਦਾ, ਹੱਥਾਂ ਅਤੇ ਬਾਹਾਂ ਵਿਚ ਹੋਰ ਵੀ ਗਹਿਣੇ ਪਾਉਂਦੀਆਂ ਹਨ। ਹੱਥਾਂ ਅਤੇ ਪੈਰਾਂ ਦੇ ਨਾਲ-ਨਾਲ ਇਹਨਾਂ ਗਹਿਣੀਆਂ ਰਾਹੀਂ ਉਹ ਆਪਣੇ ਆਪ ਨੂੰ ਸੁਰ ਅਤੇ ਤਾਲ ਵਿਚ ਰੱਖਦੀਆਂ ਹਨ।

> ਸੁਆਣੀਆਂ ਆਪਣੇ ਹੱਥਾਂ ਵਿਚ ਚੂੜੀਆਂ ਇਸੇ ਲਈ ਪਹਿਨਦੀਆਂ ਹਨ ਤਾਂ ਚੱਕੀ ਪੀਹਣ ਵੇਲੇ , ਆਟਾ ਗੁੰਨਣ ਵੇਲੇ, ਉਹਨਾਂ ਦਾ ਕੰਮ ਲੈਅ ਪ੍ਰਬੰਧ ਵਿਚ ਬੰਨਿਆਂ ਜਾਵੇ। ਉਹਨਾਂ ਦੇ ਪੈਰਾਂ ਵਿਚ ਪਾਈਆਂ ਝਾਂਜਰਾਂ ਤੋਰ ਨੂੰ ਗਿਣਨ-ਮਿਣਨ ਵਿਚ ਸੁਹਜਮਈ ਹਨ।5

ਇਸ ਤਰ੍ਹਾਂ ਔਰਤਾਂ ਆਪਣੇ ਕੰਮ ਨੂੰ ਨਿਪਟਾਉਣ ਲਈ ਕਾਰਜਗਤ ਗੀਤ ਵੀ ਗਾਉਂਦੀਆਂ ਹਨ। ਮੁਟਿਆਰਾਂ ਇਹਨਾਂ ਗਹਿਣਿਆਂ ਵਿਚ ਸੁੰਦਰ ਵੀ ਲੱਗਦੀਆਂ ਹਨ। ਗਿੱਧੇ ਵਿਚ ਵੀ ਉਹ ਇਹਨਾਂ ਗਹਿਣਿਆਂ ਤੋਂ ਲੈਅ ਅਤੇ ਤਾਲ ਪੈਦਾ ਕਰਨ ਦਾ ਕੰਮ ਲੈਂਦੀਆਂ ਹਨ। ਇਹ ਗਹਿਣੇ ਔਰਤ ਨਾਲ ਕਬੀਲਾਈ ਸਮੇਂ ਤੋਂ ਹੀ ਜੁੜੇ ਹੋਏ ਹਨ। ਇਹਨਾਂ ਗਹਿਣਿਆਂ ਨਾਲ ਲੋਕ ਵਿਸ਼ਵਾਸ਼ ਵੀ ਜੁੜੇ ਹੋਏ ਹਨ। ਵਿਆਹੁਲਾ ਗਿੱਧਾ ਵਿਚ ਵੱਖ-ਵੱਖ ਗਹਿਣਿਆਂ ਦੀ ਆਪਣੀ ਹੋਂਦ ਅਤੇ ਮਹੱਤਤਾ ਹੈ। ਇਹ ਗਹਿਣੇ ਵੱਖ-2 ਸਭਿਆਚਾਰਾਂ ਅਤੇ ਮਨੁੱਖੀ ਨਸਲਾਂ ਵਿਚ ਭਿੰਨ-ਭਿੰਨ ਵੀ ਹੋ ਸਕਦੇ ਹਨ। ਕਿਉਂਕਿ ਹਰੇਕ ਸਮਾਜ ਦੇ ਲੋਕਾਂ ਦੇ ਸੁਹਜ-ਸੁਆਦ ਵੀ ਵੱਖੋ-ਵੱਖਰੇ ਹਨ। ਸਰੀਰਕ ਹਰਕਤਾਂ ਤੋਂ ਇਲਾਵਾਂ ਇਸ ਵਿਚ ਬੋਲੀਆਂ ਦਾ ਵੀ ਖਾਸਾ ਮਹੱਤਵਪੂਰਨ ਸਥਾਨ ਹੈ। ਇਹ ਬੋਲੀਆਂ ਵੱਖ-ਵੱਖ ਸਮਾਜਿਕ ਵਿਸ਼ਿਆਂ ਨਾਲ ਸੰਬੰਧਿਤ ਹੁੰਦੀਆਂ ਹਨ। ਇਸ ਵਿਚ ਅਮਲੀ, ਛੜੇ ਜੇਠ, ਫੌਜੀ, ਦਿਉਰ ਭਰਜਾਈ ਆਦਿ ਵਿਅੰਗ ਦੇ ਪਾਤਰ ਬਣਦੇ ਹਨ। ਜ਼ਿਆਦਾਤਰ ਬੋਲੀਆਂ ਪਿਆਰ ਮੁਹੱਬਤ, ਪ੍ਰੀਤਮ ਦੇ ਵਿਛੋੜੇ ਪਤੀ-ਘਰਵਾਲੀ ਆਦਿ ਨਾਲ ਸੰਬੰਧਿਤ ਹੁੰਦੀਆਂ ਹਨ।ਇਸ ਗਿੱਧੇ ਵਿਚ ਕੋਈ ਵੀ ਸਾਜ਼ ਨਹੀਂ ਵਰਤਿਆ ਜਾਂਦਾ ਸਗੋਂ ਹੱਥਾਂ ਅਤੇ ਪੈਰਾਂ ਦੀਆਂ ਮੁਦਰਾਵਾਂ ਰਾਹੀਂ ਲੈਅ ਅਤੇ ਤਾਲ ਪੈਦਾ ਕਰਕੇ ਕੰਮ ਸਾਰ ਲਿਆ ਜਾਂਦਾ ਹੈ।

## 2. ਤੀਆਂ ਦਾ ਗਿੱਧਾ

ਤੀਆਂ ਸਾਵਣ ਦੇ ਮਹੀਨੇ ਵਿਚ ਮਨਾਈਆਂ ਜਾਂਦੀਆ ਹਨ। ਸਾਵਣ ਦੇ ਮਹੀਨੇ ਵਿਚ ਮੀਹ ਜ਼ਿਆਦਾ ਪੈਣ ਕਾਰਨ ਸਾਰੇ ਪਾਸੇ ਹਰਿਆਵਲ ਹੁੰਦੀ ਹੈ। ਇਹ ਗਿੱਧਾ ਮੁਟਿਆਰਾਂ ਦੁਆਰਾ ਖੁੱਲ੍ਹੇ ਪਿੜ ਵਿਚ ਨੱਚਿਆ ਜਾਂਦਾ ਹੈ। ਇਸ ਗਿੱਧੇ ਵਿਚ ਮਰਦਾਂ ਦੇ ਆਉਣ ਤੇ ਸਖ਼ਤ ਮਨਾਹੀ ਹੁੰਦੀ ਹੈ। ਇਹ ਨ੍ਰਿਤ ਜੁਆਨ ਮੁਟਿਆਰਾਂ ਦਾ ਹੈ। ਇਸ ਵਿਚ ਆਪਣੇ ਪੇਕੇ ਘਰ ਆਈਆਂ ਮੁਟਿਆਰਾਂ ਅਤੇ ਪਿੰਡ ਦੀਆਂ ਕੁੜੀਆਂ ਰਲ ਕੇ ਨੱਚਦੀਆਂ ਹਨ। ਇਸ ਗਿੱਧੇ ਵਿਚ ਉਹ ਆਪਣੇ ਮਨ ਦੀਆਂ ਭਾਵਨਾਵਾਂ ਬਾਹਰ ਕੱਢਦੀਆਂ ਹਨ ਜੋ ਕਿ ਉਸਦੇ ਅੰਦਰ ਸਮਾਜਕ ਅਤੇ ਸਭਿਆਚਾਰਕ ਦਬਾਵਾਂ ਕਾਰਨ ਦੱਬੀਆਂ ਹੁੰਦੀਆਂ ਹਨ। ਉਹ ਤੀਆਂ ਦੇ ਤਿਉਹਾਰ ਤੇ ਇਹਨਾਂ ਨੂੰ ਨਿਸ਼ੰਗ ਰੂਪ ਵਿਚ ਬਾਹਰ ਕੱਢਦੀਆਂ ਹਨ ਕਿਉਂਕਿ ਇਸ ਜਗ੍ਹਾ ਤੇ ਸਮਾਜ, ਪਿਤਾ, ਭਰਾ, ਮਾਂ ਆਦਿ ਦੀ ਗੈਰ-ਮੌਜੂਦਗੀ ਹੁੰਦੀ ਹੈ। ਉਹ ਆਪਸੀ ਔਰਤ ਜ਼ਿੰਦਗੀ ਦੇ ਗੁੱਝੇ ਭੇਦ ਸਾਂਝੇ ਕਰਦੀਆਂ ਹਨ। ਇਸ ਨਾਚ ਵਿਚ ਗਿੱਧੇ ਵਾਲੀਆਂ ਸਾਰੀਆਂ ਹੀ ਮੁਦਰਾਵਾਂ ਵਰਤੀਆਂ ਜਾਂਦੀਆਂ ਹਨ। ਤੀਆਂ ਅਕਸਰ ਪਿੰਡ ਦੇ ਬਾਹਰਵਾਰ ਇਕ ਵਿਸ਼ਾਲ ਦਰੱਖਤ ਦੇ ਹੇਠ ਹੀ ਮਨਾਈਆਂ ਜਾਂਦੀਆਂ ਹਨ। ਮੁਟਿਆਰਾਂ ਦੁਆਰਾ ਇਸ ਨਾਚ ਨੂੰ ਦਰੱਖਤਾਂ ਤੇ ਪੀਘਾਂ ਪਾ ਕੇ ਨੱਚਿਆ ਜਾਂਦਾ ਹੈ। ਇਸ ਦਰੱਖਤ ਦੀ ਤੀਆਂ ਵਿਚ ਬਹੁਤ ਹੀ ਮਹੱਤਤਾ ਹੁੰਦੀ ਹੈ। ਕਿਉਂਕਿ ਔਰਤ ਬੱਚੇ ਨੂੰ ਜਨਮ ਦਿੰਦੀ ਹੈ ਅਤੇ ਧਰਤੀ ਵੀ ਉਪਜਾਇਕਤਾ ਭਰਪੂਰ ਹੈ। ਇਸ ਕਰਕੇ ਔਰਤ ਆਪਣੇ ਆਪ ਨੂੰ ਧਰਤੀ ਨਾਲ ਤੁਲਨਾ ਦੇ ਕੇ ਇਸ ਨਾਚ ਵਿਚ ਧਰਤੀ ਦੀ ਅਰਾਧਨਾ ਹੀ ਕਰਦੀ ਹੈ।

ਨਵ-ਵਿਆਹੀਆਂ ਦੀ ਕੁੱਖ ਦੀ ਅਰੋਗਤਾ ਲਈ ਤੇ ਸਿਰਜਣਾਤਮਕਤਾ ਵਧਾਉਣ ਲਈ ਉਹਨਾਂ ਲਈ ਰੁੱਖਾਂ ਹੇਠ ਖੇਲਣਾ, ਮਲ੍ਹਣਾ ਜਾਂ ਬੈਠਣਾ ਹੋਰ ਵੀ ਜ਼ਰੂਰੀ ਸੀ। ਵਿਆਹੀਆਂ ਮੁਟਿਆਰਾਂ ਦੀ ਅਰੋਗਤਾ ਲਈ ਬਜ਼ੁਰਗਾਂ ਨੇ ਤੀਆਂ ਦਾ ਤਿਉਹਾਰ ਆਰੰਭ ਕੀਤਾ ਜਾਂ ਜੋਂ ਮਟਿਆਰਾਂ ਰੁੱਖਾਂ ਨਾਲ ਪਾਈਆਂ ਪੀਘਾਂ ਝੂਟ ਕੇ ਵੱਧ ਤੋਂ ਵੱਧ ਸਮਾਂ ਰੁੱਖਾਂ ਦੀ ਛਾਂ ਵਿਚ ਰਹਿ ਸਕਣ।6

ਤੀਆਂ ਦਾ ਗਿੱਧਾ ਧਰਤੀ ਦੀ ਤਰ੍ਹਾਂ ਔਰਤ ਦੀ ਜਣਨਿਕ ਸਥਿਤੀ ਨੂੰ ਪਰਿਭਾਸ਼ਿਤ ਕਰਦਾ ਹੈ। ਨਵ-ਵਿਆਹੀਆਂ ਮੁਟਿਆਰਾਂ ਇਹ ਤਿਉਹਾਰ ਜਾ ਗਿੱਧਾ ਧਰਤੀ ਨੂੰ ਖੁਸ਼ ਕਰਨ ਲਈ ਜਾਂ ਉਸਦੀ ਪੂਜਾ ਕਰਨ ਲਈ ਹੀ ਪਾਉਂਦੀਆਂ ਹਨ। ਇਸ ਗਿੱਧੇ ਦੀਆਂ ਨ੍ਰਿਤ ਮੁਦਰਾਵਾਂ ਧਰਤੀ ਦੀ ਉਪਜਾਊ ਸ਼ਕਤੀ ਵੱਲ ਹੀ ਸੰਕੇਤ ਕਰਦੀਆਂ ਹਨ। ਨਵ-ਵਿਆਹੀਆਂ ਵਿਚ ਧਰਤੀ ਦੀ ਤਰ੍ਹਾਂ ਔਰਤ-ਮਰਦ ਦੇ ਸੰਭੋਗ ਵਿਚੋਂ ਬੀਜ ਨੇ ਫੁੱਟਣਾ ਹੁੰਦਾ ਹੈ। ਇਸ ਕਰਕੇ ਇਹ ਤਿਉਹਾਰ ਹਰਿਆਵਲ ਮੌਕੇ ਹੀ ਮਨਾਇਆ ਜਾਂਦਾ ਹੈ। ਸਾਰੀ ਬਨਸਪਤੀ ਫੁੱਟ ਰਹੀ ਹੁੰਦੀ ਹੈ ਸੋ ਔਰਤ ਇਸ ਗਿੱਧੇ ਵਿਚ ਆਪਣੇ ਆਪ ਨੂੰ ਕੁਦਰਤ ਨਾਲ ਇਕ-ਮਿਕ ਕਰ ਲੈਂਦੀ ਹੈ। ਇਸ ਤਰ੍ਹਾਂ ਇਸ ਗਿੱਧੇ ਵਿਚ ਜਾਦੂਈ ਅੰਸ਼ ਵੀ ਮਿਲ ਜਾਂਦੇ ਹਨ।

ਤੀਆਂ ਜਾ ਸਾਵੇ ਅਸਲ ਵਿਚ ਧਰਤੀ ਦੀ ਉਪਜਾਇਕਤਾ ਦਾ ਜਸ਼ਨ ਮਨਾਉਣ ਦਾ ਤਿਉਹਾਰ ਹੈ। ਧਰਤੀ ਦੀ ਉਹਜਾਇਕਤਾ ਦੇ ਤੱਤ ਨੂੰ ਆਪਣੇ ਅੰਦਰ ਸੰਚਾਰਨ ਲਈ ਔਰਤਾਂ ਵੱਲੋਂ ਤੀਆਂ ਦੇ ਦਿਨਾਂ ਵਿਚ ਗਿੱਧਾ ਪਾ ਕੇ ਧਰਤੀ ਮਾਤਾ ਨੂੰ ਰੀਝਾਇਆ ਰਿਹਾ ਹੈ। ਇਸ ਕਾਰਜ ਦੇ ਪਿੱਛੇ ਜਾਦੂ ਚਿੰਤਨ ਦੀਆਂ ਬੁਨਿਆਦੀ ਧਾਰਨਾਵਾਂ ਸ਼ਾਮਲ ਹਨ।7

ਡਾ. ਗੁਰਨਾਮ ਸਿੰਘ ਵੱਲੋਂ ਸੰਪਾਦਿਤ ਪੰਜਾਬ ਦੇ ਲੋਕ-ਨਾਚ ਪੁਸਤਕ ਵਿਚ ਦਰਜ ਡਾ. ਨਾਹਰ ਸਿੰਘ ਦੇ ਲੇਖ ਵਿਚ ਇਹ ਗੱਲ ਸਾਬਿਤ ਕਰਦੇ ਹਨ ਕੇ ਤੀਆਂ ਦਾ ਗਿੱਧਾ, ਨਵ-ਵਿਆਹੀਆਂ ਦੁਆਰਾ ਪਾਇਆ ਜਾਂਦਾ ਹੈ। ਇਸ ਵਿਚ ਪਤੀ ਦੇ ਵਿਛੋੜੇ, ਪ੍ਰੇਮੀ-ਪ੍ਰੇਮਿਕਾ ਦੇ ਸਾਂਗ ਗੀਤ ਵੀ ਗਾਏ ਜਾਂਦੇ ਹਨ। ਔਰਤ ਧਰਤੀ ਨੂੰ ਆਪਣਾ ਰੂਪ ਮੰਨ ਕੇ ਹੀ ਇਹ ਨ੍ਰਿਤ ਨੱਚਦੀ ਹੈ ਡਾ. ਜਗੀਰ ਸਿੰਘ ਨੂਰ ਨੇ ਵੀ ਡਾਂ. ਨਾਹਰ ਸਿੰਘ ਨਾਲ ਮਿਲਦੇ ਵਿਚਾਰ ਪੇਸ਼ ਕੀਤੇ ਹਨ।

ਪੂਜਾ ਸਾਵਣ ਮਹੀਨੇ ਵਧੇਰੇ ਉਪਯੋਗੀ ਹੁੰਦੀ ਹੈ, ਇਸ ਕਰਕੇ ਸਾਵਣ ਦੇ ਮਹੀਨੇ ਇਸਤਰੀਆਂ ਸਾਵਣ ਸੁਦੀ ਤੀਜ ਨੂੰ ਵਿਸ਼ੇਸ਼ ਭਾਂਤ ਦਾ ਗਿੱਧਾ ਪਾ ਕੇ ਧਰਤੀ ਮਾਂ ਨੂੰ ਖੁਸ਼ ਕਰਦੀਆਂ ਹਨ ਅਤੇ ਉਪਜਾਇਕਤਾ ਦੀ ਬਖਸ਼ਿਸ਼ ਗ੍ਰਹਿਣ ਕਰਦੀਆਂ ਹਨ। ਇਸਤਰੀਆਂ ਆਪਣੀਆਂ ਨਾਚ-ਮੁਦਰਾਵਾਂ ਵਿਚ ਜਦੋਂ ਪੈਰਾਂ ਦੀਆਂ ਅੱਡੀਆਂ ਨਾਲ ਧਰਤੀ ਤੇ ਥਾਪ ਲਗਾਉਦੀਆਂ ਹਨ ਤਾਂ ਇਸ ਤੋਂ ਇਹ ਭਾਵ ਲਿਆ ਜਾਂਦਾ ਹੈ ਕਿ ਉਹ ਧਰਤੀ ਮਾਤਾ ਨੂੰ ਜਗਾ ਕੇ ਰਿਝਾ ਰਹੀਆਂ ਹਨ।8

ਇਹਨਾਂ ਲੋਕਧਾਰਾ ਸ਼ਾਸ਼ਤਰੀਆਂ ਨੇ ਮਨੋਵਿਗਿਆਨਿਕ ਪਹੁੰਚ ਅਪਣਾ ਔਰਤਾਂ ਦੇ ਮਨ ਨੂੰ ਪੜ੍ਹਨ ਦੀ ਕੋਸ਼ਿਸ਼ ਕੀਤੀ ਹੈ। ਉਹਨਾਂ ਨੇ ਆਪਣੀਆਂ ਇਹ ਧਾਰਨਾਵਾਂ ਔਰਤਾਂ ਦੇ ਤੀਆਂ ਦੇ ਗਿੱਧੇ ਵਿਚ ਸਰੀਰਕ ਮੁਦਰਾਵਾਂ ਨੂੰ ਆਧਾਰ ਬਣਾ ਕੇ ਬਣਾਈਆਂ ਹਨ ਪਰ ਤੀਆਂ ਦੇ ਗਿੱਧੇ ਵਿਚ ਨੱਚਦੀਆਂ ਮੁਟਿਆਰਾਂ ਨੂੰ ਇਸ ਪ੍ਰਕਾਰਜ ਦਾ ਬਿਲਕੁਲ ਵੀ ਪਤਾ ਨਹੀਂ ਹੁੰਦਾ ਤਾਂ ਉਹ ਸੁਚੇਤ ਹੋ ਕੇ ਨੱਚਦੀਆਂ ਹਨ ਉਹਨਾਂ ਦਾ ਮੁੱਖ ਮਕਸਦ ਤਾਂ ਸਿਰਫ਼ ਆਨੰਦ ਦੀ ਪ੍ਰਾਪਤੀ ਕਰਨਾ ਹੀ ਹੁੰਦਾ ਹੈ। ਦਰੱਖਤਾਂ ਉੱਪਰ ਪੀਘਾਂ ਪਾਉਣ ਨਾਲ ਉਹਨਾਂ ਦਾ ਸਰੀਰ ਹਰਕਤ ਵਿਚ ਆਉਂਦਾ ਹੈ ਅਤੇ ਉਹ ਰਿਸ਼ਟ-ਪੁਸ਼ਟ ਰਹਿੰਦੀਆਂ ਹਨ ਜੋ ਕਿ ਔਰਤ ਦੇ ਜਣਨ ਅੰਗਾਂ ਨੂੰ ਰਿਸ਼ਟ-ਪੁਸ਼ਟ ਰੱਖਣ ਵਿਚ ਸਹਾਈ ਹੁੰਦਾ ਹੈ।

ਤੀਆਂ ਦੇ ਗਿੱਧੇ ਰਾਹੀਂ ਮੁਟਿਆਰਾਂ ਸਰੀਰਕ ਭਾਵਨਾਵਾਂ ਦੇ ਸੰਚਾਰਨ ਨਾਲ ਇਕ ਪਿੜ੍ਹ ਵਿਚ ਇਕੱਠੀਆਂ ਹੋ ਜਾਂਦੀਆਂ ਹਨ। ਇਕ ਪਿੜ੍ਹ ਵਿਚ ਇਕੱਠੀਆਂ ਹੋ ਕੇ ਸਵਾਂਗ ਰਚਦੀਆਂ ਹਨ। ਇਹਨਾਂ ਔਰਤਾਂ ਵਿਚ ਇਕ ਔਰਤ ਮਰਦ ਬਣ ਜਾਂਦੀ ਹੈ। ਉਹ ਆਪਸੀ ਵਾਰਤਾਲਾਪੀ ਸ਼ੈਲੀ ਰਾਹੀਂ ਆਪਣੀਆਂ ਮਾਨਸਿਕ ਗੁੰਝਲਾਂ ਦਾ ਨਿਸ਼ੰਗ ਪ੍ਰਗਟਾ ਕਰਦੀ ਹੈ। ਉਹ ਮਰਦ ਬਣੀ ਔਰਤ ਨਾਲ ਨਾਟਕੀ ਅੰਦਾਜ਼ ਵਿਚ ਕਾਮੁਕ ਹਰਕਤਾਂ ਕਰਕੇ ਆਪਣੇ ਕੁਦਰਤੀ ਜਜ਼ਬਿਆਂ ਦਾ ਵਹਾਅ ਕਰ ਜਾਂਦੀ ਹੈ। ਇਸ ਵਿਚ ਅਮਲੀ, ਛੜੇ, ਦਿਉਰ ਆਦਿ ਨੂੰ ਵੀ ਵਿਅੰਗ ਦੇ ਪਾਤਰ ਬਣਾਇਆ ਜਾਂਦਾ ਹੈ। ਵਿਆਹੁਲੇ ਗਿੱਧੇ ਵਿਚ ਨਾਨਕੇ-ਦਾਦਕੇ ਅਤੇ ਹੋਰ ਮੇਲਣਾ ਸੰਵਾਦ ਰਚਾਉਦੀਆਂ ਹਨ ਪਰ ਇਸ ਗਿੱਧੇ ਵਿਚ ਪਿੰਡ ਦੀਆਂ ਔਰਤਾਂ ਅਤੇ ਹੋਰ ਕੁੜੀਆਂ ਵੀ ਸ਼ਾਮਿਲ ਹੁੰਦੀਆਂ ਹਨ। ਵਿਆਹੁਲਾ ਗਿੱਧਾ ਹੋਰ ਵੀ ਸਮਾਜਿਕ ਪ੍ਰਸੰਗਾਂ ਨਾਲ ਜੁੜਿਆ ਹੁੰਦਾ ਹੈ ਪਰ ਤੀਆਂ ਦਾ ਗਿੱਧਾ ਨੌਜਵਾਨ ਮੁਟਿਆਰਾਂ ਦੀ ਮਾਨਸਿਕ ਸੰਵੇਦਨਾ ਨੂੰ ਪੇਸ਼ ਕਰਦਾ ਹੈ।

# 3. ਲੋਕ ਨ੍ਰਿਤ ਜਾਗੋ ਵਿਚ ਔਰਤਾਂ ਦੇ ਗਿੱਧੇ ਦਾ ਸਰੂਪ

ਜਾਗੋ ਪੰਜਾਬ ਦੇ ਲੋਕਾਂ ਦਾ ਹਰਮਨ ਪਿਆਰਾ ਨਾਚ ਹੈ। ਵਿਆਹ ਤੋਂ ਭਾਵ ਬਰਾਤ ਤੋਂ ਪਹਿਲਾਂ ਪਿੰਡ ਵਿਚ ਜਾਗੋ ਕੱਢੀ ਜਾਂਦੀ ਹੈ।ਪੁਰਾਤਨ ਸਮੇਂ ਵਿਚ ਇਸ ਨੂੰ ਘੜੋਲੀ ਭਰਨਾ ਵੀ ਕਿਹਾ ਜਾਂਦਾ ਸੀ। ਉਸ ਸਮੇਂ ਪਿੰਡਾਂ ਵਿਚ ਮੁੰਡੇ ਦੇ ਵਿਆਹ ਤੋਂ ਪਹਿਲਾਂ ਪਿੰਡਾਂ ਵਿਚ ਕਿਸੇ ਘਰ ਵਿਚੋਂ ਪਾਣੀ ਭਰ ਕੇ ਲਿਆਦਾ ਜਾਂਦਾ ਸੀ। ਉਸ ਸਮੇਂ ਪਾਣੀ ਭਰਨ ਜਾਣ ਸਮੇਂ ਰਸਤੇ ਵਿਚ ਜਾਂ ਜਿਸ ਘਰੋਂ ਘੜੋਲੀ ਭਰਨੀ ਹੁੰਦੀ ਸੀ ਉਥੇ ਮੇਲਣਾ ਖੂਬ ਨੱਚਦੀਆਂ ਸਨ। ਬਰਾਤ ਚੜ੍ਹਨ ਤੋਂ ਪਹਿਲਾਂ ਮੁੰਡਾ ਇਸ ਭਰੀ ਹੋਈ ਘੜੋਲੀ ਦੇ ਪਾਣੀ ਨਾਲ ਇਸ਼ਨਾਨ ਕਰਦਾ ਸੀ। ਇਹ ਘੜੋਲੀ ਕੱਚੇ ਘੜੇ ਦੀ ਬਣੀ ਹੁੰਦੀ ਸੀ ਅਤੇ ਇਹ ਮੁੰਡੇ ਦੀ ਭੈਣ ਦੇ ਸਿਰ ਤੇ ਚੁਕਾਈ ਜਾਂਦੀ ਸੀ। ਜੀਜੇ ਨੂੰ ਉਸਦੀਆਂ ਸਾਲੀਆਂ ਸਿੱਠਣੀਆਂ ਵੀ ਦਿੰਦੀਆਂ ਸਨ ਅਜੋਕੇ ਸਮੇਂ ਵਿਚ ਜਾਗੋ ਨ੍ਰਿਤ ਦਾ ਸਰੂਪ ਬਦਲ ਗਿਆ ਹੈ। ਅੱਜਕਲ੍ਹ ਨਾਨਕਿਆਂ ਵੱਲੋਂ ਇਹ ਜਿੰਮੇਵਾਰੀ ਨਿਭਾਈ ਜਾਂਦੀ ਹੈ। ਵਿਆਹ ਵਿਚ ਇਕੱਠੀਆਂ ਹੋਈਆਂ ਮੇਲਣਾ ਵੱਲੋਂ ਮਾਮੀ ਦੇ ਸਿਰ ਤੇ ਗਾਗਰ ਚੁਕਾ ਦਿੱਤੀ ਜਾਂਦੀ ਹੈ। ਉਸ ਗਾਗਰ ਉਪਰ ਰਾਤ ਨੂੰ ਰੋਸ਼ਨੀ ਲਈ ਆਟੇ ਦੇ ਦੀਵੇਂ ਲਗਾ ਦਿੱਤੇ ਜਾਂਦੇ ਹਨ। ਵਰਤਮਾਨ ਸਮੇਂ ਵਿਚ ਇਲੈਕਟ੍ਰੋਨਿਕ ਲਾਈਟਾਂ ਗਾਗਰ ਉੱਪਰ ਲੱਗੀਆਂ ਹੁੰਦੀਆਂ ਹਨ, ਦੀਵੇਂ ਲਗਾਉਣ ਦੀ ਲੋੜ ਹੀ ਨਹੀਂ ਪੈਂਦੀ। ਇਹ ਲਾਈਟਾਂ ਸਾਰੇ ਪਿੰਡ ਨੂੰ ਜਾਗਦੇ ਰੱਖਣ ਦੇ ਪ੍ਰਤੀਕ ਵਜੋਂ ਲਗਾਈਆਂ ਜਾਂਦੀਆਂ ਹਨ। ਜਦੋਂ ਇਕ ਔਰਤ ਦੇ ਸਿਰ ਤੇ ਜਾਗੋ ਚੁਕਾ ਦਿੱਤੀ ਜਾਂਦੀ ਹੈ ਤਾਂ ਬਾਕੀ ਔਰਤਾਂ ਵੱਖ-ਵੱਖ ਸਾਂਗ ਧਾਰ ਲੈਂਦੀਆਂ ਹਨ। ਕੋਈ ਆਪਣੇ ਕੋਲ ਛੱਜ ਫੜ੍ਹ ਲੈਂਦੀ ਹੈ ਕੋਈ ਆਪਣੇ ਕੋਲ ਘੁੰਗਰੂਆਂ ਵਾਲੀ ਡਾਂਗ ਫੜ੍ਹ ਲੈਂਦੀ ਹੈ। ਪੂਰੇ ਪੰਜਾਬੀ ਪਹਿਰਾਵੇ ਵਿਚ ਹਾਰ-ਸ਼ਿੰਗਾਰ ਕਰਕੇ ਇਹ ਔਰਤਾਂ ਸੋਟੀਆਂ ਖੜਕਾਉਦੀਆਂ ਛੱਜ ਭੰਨਦੀਆਂ ਬੋਲੀਆਂ ਪਾਉਦੀਆਂ ਪਿੰਡ ਵੱਲ ਨੂੰ ਤੁਰ ਪੈਂਦੀਆਂ ਹਨ। ਲੋਕ ਜਾਗੋ ਨੂੰ ਕੋਠਿਆਂ ਉੱਤੇ ਚੜ੍ਹ ਕੇ ਦੇਖਦੇ ਹਨ। ਮੁੱਖ ਤੌਰ ਤੇ ਉਹ ਜਾਗੋ ਦੀ ਸ਼ੁਰੂਆਤ ਇਸ ਗੀਤ ਨਾਲ ਕਰਦੀਆਂ ਹਨ-

ਵੇ ਸਰਦਾਰੋ, ਸ਼ਾਹੂਕਾਰੋਂ, ਪਿੰਡ ਦਿਉ ਲੰਬੜਦਾਰੋਂ ਵੇ
ਬਈ ਹੁਣ ਜਾਗੋ ਆਈ ਆ, ਸ਼ਾਵਾ ਬਈ ਹੁਣ ਜਾਗੋ ਆਈ ਆ-2
ਬੱਲੇ ਬਈ ਹੁਣ ਜਾਗੋ ਆਈ , ਗਲੀ-ਗਲੀ ਚਮਕਾਰਾ ਵੇ
ਬਈ ਹੁਣ ਜਾਗੋ ਆਈ ਆ, ਨੱਚਦੀ ਗਾਉਂਦੀ ਰੌਣਕ ਲਾਉਦੀ
ਗਲੀਆਂ ਨੂੰ ਰੁਸ਼ਨਾਉਦੀ ਬਈ ਹੁਣ ਜਾਗੋ ਆਈ ਆ।

ਇਸ ਤਰ੍ਹਾਂ ਉਹ ਸਾਰੇ ਪਿੰਡ ਨੂੰ ਜਾਗੋ ਬਾਰੇ ਜਾਗਰੂਕ ਕਰਦੀਆਂ ਹਨ। ਉਹਨਾਂ ਦੇ ਰਸਤੇ ਵਿਚ ਆਉਂਦੇ ਅਮਲੀ, ਛੜੇ, ਅਤੇ ਹੋਰ ਲੋਕ ਵੀ ਉਹਨਾਂ ਦੇ ਮਜ਼ਾਕ ਦਾ ਪਾਤਰ ਬਣਦੇ ਹਨ। ਕਿਉਂਕਿ ਉਹ ਵੀ ਬੇਗਾਨੇ ਪਿੰਡ ਵਿਚੋਂ ਆਈਆਂ ਇਸਤਰੀਆਂ ਨੂੰ ਦੇਖਣ ਦੇ ਚਾਹਵਾਨ ਹੁੰਦੇ ਹਨ। ਇਹ ਸੁਆਣੀਆਂ ਸ਼ਰੀਕੇ ਦੇ ਲਗਭਗ ਹਰੇਕ ਘਰ ਵਿਚ ਜਾਂਦੀਆਂ ਹਨ। ਘਰ ਵਾਲੇ ਉਹਨਾਂ ਦੀ ਗਾਗਰ ਵਿਚ ਪੈਸੇ ਪਾਉਂਦੇ ਹਨ ਜਾਂ ਉਹਨਾਂ ਨੂੰ ਲੀੜੇ ਕੱਪੜੇ ਦਿੰਦੇ ਹਨ। ਉਹ ਹਰੇਕ ਘਰ ਵਿਚ ਖ਼ੂਬ ਨੱਚਦੀਆਂ ਹਨ ਅਤੇ ਬੋਲੀਆਂ ਜਾਂ ਲੋਕ ਗੀਤਾਂ ਦਾ ਉਚਾਰਨ ਕਰਦੀਆਂ ਹਨ। ਉਹਨਾਂ ਦੇ ਗਿੱਧੇ ਦੇ ਗੀਤ ਕਿਰਸਾਨੀ ਜੀਵਨ ਅਤੇ ਆਮ ਮਨੁੱਖੀ ਜੀਵਨ ਜਾਂਚ ਨਾਲ ਸੰਬੰਧਿਤ ਹੁੰਦੇ ਹਨ। ਜੋ ਕਿ ਲੋਕਾਂ ਦੇ ਭਾਵਾਂ ਦਾ ਵਿਰੇਚਨ ਵੀ ਕਰਦੇ ਹਨ ਅਤੇ ਉਹਨਾਂ ਸੁਆਣੀਆਂ ਦੇ ਭਾਵਾਂ ਦਾ ਵਹਾਅ ਵੀ ਕਰਦੇ ਹਨ। ਜਾਗੋ ਦੇ ਗਿੱਧੇ ਵਿਚ ਸੁਆਣੀਆਂ ਵੱਲੋਂ ਕੀਤੇ ਗਏ ਮਜ਼ਾਕ ਦਾ ਕੋਈ ਗੁੱਸਾ ਨਹੀਂ ਕਰਦਾ। ਇਸ ਨਾਚ ਵਿਚੋਂ ਸਮੂਹਿਕ ਪੇਂਡੂ ਭਾਈਚਾਰੇ ਦੀ ਆਪਸੀ ਏਕਤਾ ਅਤੇ ਪੰਜਾਬੀ ਲੋਕਾਂ ਦੇ ਨਿੱਖੜਵੇਂ ਲੱਛਣ ਵੀ ਮਿਲਦੇ ਹਨ। ਪਿੰਡ ਦੇ ਪੱਧਰ ਤੇ ਭਾਵੇਂ ਪਿੰਡ ਦੇ ਲੋਕ ਦੇ ਆਪਸੀ ਗਿੱਲੇ ਸ਼ਿਕਵੇਂ ਹੋਣ ਪਰ ਉਹ ਵਿਰੋਧੀ ਦੇ ਰਿਸ਼ਤੇਦਾਰ ਦਾ ਵੀ ਸਤਿਕਾਰ ਕਰਦੇ ਹਨ।

ਇਸ ਤਰ੍ਹਾਂ ਜਾਗੋ ਦਾ ਗਿੱਧਾ ਲੋਕ ਨਾਚ ਜਦੋਂ ਪੂਰੇ ਸ਼ਿਖ਼ਰਾਂ ਉੱਤੇ ਜਾ ਪਹੁੰਚਦਾ ਹੈ ਤਾਂ ਉਸ ਸਮੇਂ ਔਰਤਾਂ ਆਪਣੀਆਂ ਸਰੀਰਕ ਹਰਕਤਾਂ ਰਾਹੀਂ ਨ੍ਰਿਤ ਕਰਨਾ ਸ਼ੁਰੂ ਕਰ ਦਿੰਦੀਆਂ ਹਨ। ਗੁਰੂ ਪੀਰਾਂ ਨੂੰ ਪ੍ਰਣਾਮ ਕਰਨਾ, ਜਗਦੀ ਜੋਤ ਨੂੰ ਨਮਸਕਾਰ ਕਰਨਾ, ਇਹ ਸਭ ਸਾਡੀ ਪੁਰਾਤਨ ਸਮੇਂ ਤੋਂ ਚੱਲੀ ਆ ਰਹੀ ਰਾਮ-ਲੀਲਾ, ਰਾਸ-ਲੀਲਾ, ਨ੍ਰਿਤਾਂ ਦਾ ਭਾਗ ਹੀ ਹਨ।

ਜਾਗੋ ਚੱਕ ਲਾ ਗੁਰਾਂ ਦਾ ਨਾਮ ਲੈ ਕੇ
ਲੋਕਾਂ ਨੇ ਬਨੇਰੇ ਮੱਲ ਲਏ

ਜਾਗੋ ਵਿਚ ਔਰਤਾਂ ਬੋਲੀ ਪਾਉਂਦੀਆਂ ਹਨ ਤਾਂ ਉਹ ਅਖ਼ੀਰਲੇ ਤੋੜੇ ਤੇ ਆ ਕੇ ਸਮੁੱਚੇ ਰੂਪ ਵਿਚ ਨ੍ਰਿਤ ਕਰਦੀਆਂ ਹਨ । ਜਦੋਂ ਨਾਨਕਾ ਮੇਲ ਅਤੇ ਦਾਦਕੀਆਂ ਦਾ ਆਪਸ ਵਿਚ ਟਕਰਾਅ ਹੁੰਦਾ ਹੈ ਤਾਂ ਉਨ੍ਹਾਂ ਦੇ ਸੰਵਾਦਾਂ ਵਿਚੋਂ ਨ੍ਰਿਤ ਪੈਦਾ ਹੁੰਦਾ ਹੈ।

ਦਾਦਕੇ-ਮਾਮੀਆਂ ਆਈਆਂ ਬਣ ਠਣ ਕੇ
ਮਾਮੇ ਲਿਆਈਆਂ ਮੰਗ ਠਗ ਕੇ
ਨਾਨਕੇ-ਪਹਿਲਾਂ ਦਾਦਕੇ ਬੋਲੀ ਪਾਈ
ਸਾਡੇ ਕਾਲਜੇ ਛੁਰੀ ਚਲਾਈ
ਮਾਂ ਤੇਰੀ ਨੂੰ ਲੈ ਗਏ ਡਾਕੂ
ਤੈਨੂੰ ਕਰਨ ਕਸਾਈ ਨੀ
ਖੜਜਾ ਚੁੱਪ ਕਰਕੇ
ਹੁਣ ਬੋਲੀ ਨਾ ਪਾਈ।

ਇਸ ਤਰ੍ਹਾਂ ਦਾਦਕੀਆਂ ਅਤੇ ਨਾਨਕੇਆਂ ਦਾ ਗਿੱਧਾ ਸ਼ੁਰੂ ਹੁੰਦਾ ਹੈ। ਇਸ ਗਿੱਧੇ ਵਿਚ ਔਰਤਾਂ ਵੱਲੋਂ ਸਾਂਗ ਵੀ ਕਰੇ ਜਾਂਦੇ ਹਨ। ਕਈ ਔਰਤਾਂ ਮਰਦਾਂ ਦਾ ਪਹਿਰਾਵਾ ਪਾ ਲੈਂਦੀਆਂ ਹਨ ਅਤੇ ਕੁਝ ਮਰਦ ਔਰਤਾਂ ਦਾ ਪਹਿਰਾਵਾ ਪਾ ਕੇ ਨੱਚਦੇ ਹਨ। ਜਾਗੋ ਦੇ ਗਿੱਧੇ ਵਿਚ ਔਰਤਾਂ ਅਤੇ ਮਰਦਾਂ ਦਾ ਬੋਲੀਆਂ ਰਾਹੀਂ ਆਪਸੀ ਟਕਰਾਅ ਹੋ ਜਾਂਦਾ ਹੈ। ਜਾਗੋ ਦਾ ਗਿੱਧਾ ਇਕ ਪੜਾਅ ਤੇ ਜਾ ਕੇ ਨਾਟਕੀ ਰੂਪ ਧਾਰਨ ਕਰ ਜਾਂਦਾ ਹੈ। ਵਿਆਹੁਲੇ ਗਿੱਧੇ ਵਿਚ ਲੈਅ ਅਤੇ ਤਾਲ ਪੈਦਾ ਕਰਨ ਲਈ ਤਾਲੀ ਦਾ ਸਹਾਰਾ ਲਿਆ ਜਾਂਦਾ ਹੈ ਪਰ ਜਾਗੋ ਨ੍ਰਿਤ ਵਿਚ ਸੰਮਾਂ ਵਾਲੀ ਡਾਂਗ, ਛੱਜ ਅਤੇ ਸੋਟੀ ਦੀ ਵਰਤੋਂ ਕੀਤੀ ਜਾਂਦੀ ਹੈ। ਇਹਨਾਂ ਵਰਤੇ ਗਏ ਲੋਕ ਸਾਜ਼ਾਂ ਦਾ ਆਪਣਾ ਹੀ ਵੱਖਰਾ ਸਭਿਆਚਾਰਕ ਅਤੇ ਇਤਿਹਾਸਿਕ ਪਿਛੋਕੜ ਹੈ। ਜਾਗੋ ਵਿਚ ਵਰਤੇ ਜਾਂਦੇ ਸਾਜ਼ ਦੇ ਚਿੰਨ੍ਹਾਤਮਕ ਅਰਥਾਂ ਦੀ ਵਿਆਖਿਆ ਕਰਦੇ ਹੋਏ ਡਾ. ਨਾਹਰ ਸਿੰਘ ਜਾਗੋ ਵਿਚ ਵਰਤੇ ਜਾਂਦੇ ਛੱਜ ਦੇ ਪ੍ਰਕਾਰਜ ਬਾਰੇ ਗੱਲ ਕਰਦੇ ਹਨ-

> ਛੱਜ ਉੱਤੇ ਪੈਣ ਵਾਲੀ ਕੁੱਟ ਔਰਤ ਅੰਦਰਲੀ ਕਾਮੁਕਤਾ ਅਤੇ ਹਿੰਸਾ ਦੀ ਪ੍ਰਚੰਡ ਖੇਡ ਜਾਪਦੀ ਹੈ। ਛੱਜ ਦਾ ਸੰਬੰਧ ਸਭਿਆਚਾਰਕ ਚਿੰਨ੍ਹ ਪ੍ਰਬੰਧ ਵਿਚ ਅਨਾਜ ਨਾਲ ਮਿਥਿਆ ਗਿਆ ਹੈ। ਬੰਦੇ ਨੂੰ ਅਨਾਜ ਦਾ ਕੀੜਾ ਕਿਹਾ ਗਿਆ ਹੈ।9

ਛੱਜ ਅਤੇ ਹੋਰ ਲੋਕ ਸਾਜ਼ਾਂ ਰਾਹੀਂ ਗਿੱਧੇ ਵਿਚ ਨ੍ਰਿਤ ਦਾ ਸਰੂਪ ਨਿਖੜ ਕੇ ਸਾਹਮਣੇ ਆਉਂਦਾ ਹੈ। ਛੱਜ ਤੋੜਨਾ ਇਸ ਗੱਲ ਦਾ ਵੀ ਪ੍ਰਤੀਕ ਹੋ ਸਕਦਾ ਹੈ ਕਿ ਔਰਤ ਸਭਿਆਚਾਰ ਬੰਧਨਾਂ ਨੂੰ ਤੋੜਨਾ ਚਾਹੁੰਦੀ ਹੈ। ਇਸ ਤਰ੍ਹਾਂ ਜਾਗੋ ਦੇ ਗਿੱਧੇ ਵਿਚ ਔਰਤਾਂ ਆਪਣੇ ਅਚੇਤਨ ਮਨ ਦੀਆਂ ਦੱਬੀਆਂ ਹੋਈਆਂ ਭਾਵਨਾਵਾਂ ਨੂੰ ਬਾਹਰ ਕੱਢ ਕੇ ਸੁਰਖਰੂ ਹੋ ਜਾਂਦੀਆਂ ਹਨ। ਜਾਗੋ ਨ੍ਰਿਤ ਵਿਚ ਪਾਈਆਂ ਜਾਂਦੀਆਂ ਬੋਲੀਆਂ ਵਰਤਮਾਨ ਸਥਿਤੀ ਵਿਚ ਔਰਤ ਦੇ ਮਨ ਦਾ ਵੀ ਪਤਾ ਲੱਗਦਾ ਹੈ।

> ਸਰਲ ਸ਼ਬਦਾਂ ਵਿਚ, ਇਹ ਲੋਕ ਗੀਤ ਔਰਤਾਂ ਦੇ ਬਿਆਨ ਹਨ, ਜੋ ਪੰਜਾਬੀ ਸਮਾਜ ਵਿਚ ਔਰਤਾਂ ਦੀ ਸਥਿਤੀ ਦੀ ਪੜਚੋਲ ਕਰਨ ਅਤੇ ਸਮਝਣ ਲਈ ਇਕ ਸ਼ਾਨਦਾਰ ਦਸਤਾਵੇਜ਼ ਹਨ।10

ਸਪੱਸ਼ਟ ਹੈ ਕਿ ਜਾਗੋ ਨ੍ਰਿਤ ਸਾਡੇ ਸਭਿਆਚਾਰ ਨੂੰ ਸਮਝਣ ਦਾ ਦਸਤਾਵੇਜ਼ੀ ਪ੍ਰਮਾਣ ਪੇਸ਼ ਕਰਦਾ ਹੈ। ਇਹ ਨ੍ਰਿਤ ਔਰਤ ਦੀਆਂ ਸਿੱਕਾਂ ਸੱਧਰਾਂ ਦੀ ਤਰਜ਼ਮਾਨੀ ਕਰਕੇ ਉਸਦਾ ਵਿਰੇਚਨ ਕਰਦਾ ਹੈ। ਲੋਕ ਨ੍ਰਿਤ ਜਾਗੋ ਵਿਚ ਪੇਸ਼ ਹੋਏ ਨ੍ਰਿਤ ਦਾ ਸਰੂਪ ਵਿਆਹੁਲਾ ਅਤੇ ਤੀਆਂ ਦੇ ਗਿੱਧੇ ਨਾਲ ਮਿਲਦਾ-ਜੁਲਦਾ ਹੈ। ਔਰਤਾਂ ਦਾ ਨਾਚ ਹੋਣ ਕਰਕੇ ਇਸ ਦੀ ਗਿੱਧੇ ਦੇ ਬਾਕੀ ਸਰੂਪਾਂ ਨਾਲ ਬਹੁਤ ਨੇੜਤਾ ਹੈ। ਇਸ ਵਿੱਚ ਸਭ ਤੋਂ ਵੱਧ ਔਰਤਾਂ ਸਾਂਗ ਕਰਦੀਆਂ ਪ੍ਰਤੀਤ ਹੁੰਦੀਆਂ ਹਨ। ਇਹ ਗਿੱਧਾ ਔਰਤ ਨੂੰ ਮਾਨਸਿਕ ਕੁੰਠਤਾ ਤੋਂ ਅਜ਼ਾਦ ਵਿਚਰਨ ਦੀ ਸੋਝੀ ਦਿੰਦਾ ਹੈ। ਜਾਗੋ ਦਾ ਗਿੱਧਾ ਇਕ ਅਜਿਹਾ ਨਾਚ ਹੈ ਜਿਸ ਵਿਚ ਔਰਤਾਂ ਮਰਦਾਂ ਦੇ ਸਾਹਮਣੇ ਨਿਸ਼ੰਗ ਹੋ ਕੇ ਨੱਚ ਸਕਦੀਆਂ ਹਨ। ਜਾਗੋ ਦਾ ਗਿੱਧਾ ਸਾਡੇ ਸਾਂਝੇ ਸਭਿਆਚਾਰਕ ਭਾਈਚਾਰੇ ਦਾ ਪ੍ਰਤੀਕ ਹੈ। ਵਰਤਮਾਨ ਸਮੇਂ ਵਿਚ ਦਿਨੋਂ-ਦਿਨ ਇਸਦਾ ਸਰੂਪ ਬਦਲ ਰਿਹਾ ਹੈ। ਜੋ ਕਿ ਵਿਚਾਰਨ ਦਾ ਮੁੱਦਾ ਹੈ।

## CONFLICT OF INTERESTS

None.

## ACKNOWLEDGMENTS

None.

## REFERENCES

ਰੇਖਾ ਸ਼ਰਮਾ, ਉੱਤਰ ਭਾਰਤ ਕੇ ਲੋਕ ਵਾਦਯੋ ਕਾ ਨ੍ਰਿਤੋਂ ਮੇਂ ਪ੍ਰਯੋਗਾਤਮਕ ਸਵਰੂਪ : ਏਕ ਮੁੱਲਾਂਕਣ, ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੀਐਚ.ਡੀ. ਦੀ ਉਪਾਧੀ ਹੇਤੂ ਅਪ੍ਰਕਾਸ਼ਿਤ ਸ਼ੋਧ ਪ੍ਰਬੰਧ, 2012, ਪੰਨਾ-50-51

ਜਗੀਰ ਸਿੰਘ ਨੂਰ, ਪੰਜਾਬਣਾਂ ਦੇ ਲੋਕ-ਨਾਚ : ਸਭਿਆਚਾਰਕ ਇਤਿਹਾਸ, ਪੰਜਾਬੀ ਸਾਹਿਤ ਅਤੇ ਸਭਿਆਚਾਰਕ ਸਦਨ, ਫਗਵਾੜਾ, 1997, ਪੰਨਾ-60

ਉਹੀ, ਰੇਖਾ ਸ਼ਰਮਾ, ਉੱਤਰ ਭਾਰਤ ਕੇ ਲੋਕ ਵਾਦਯੋ ਕਾ ਨ੍ਰਿਤੋਂ ਮੇਂ ਪ੍ਰਯੋਗਾਤਮਕ ਸਵਰੂਪ : ਏਕ ਮੁੱਲਾਂਕਣ, ਪੰਨਾ-50

ਉਹੀ, ਜਗੀਰ ਸਿੰਘ ਨੂਰ, ਪੰਜਾਬਣਾਂ ਦੇ ਲੋਕ-ਨਾਚ : ਸਭਿਆਚਾਰਕ ਇਤਿਹਾਸ, ਪੰਨਾ-35

ਭੁਪਿੰਦਰ ਸਿੰਘ ਖਹਿਰਾ, ਪੰਜਾਬੀ ਮਿਥਿਕ-ਕਥਾਵਾਂ ਦੀ ਚਿੰਨ੍ਹ-ਜੁਗਤ, ਪੈਪਸੂ ਬੁੱਕ ਡਿਪੋ, ਪਟਿਆਲਾ, 1988, ਪੰਨਾ-33

ਗੁਰਦਿਆਲ ਸਿੰਘ ਫੁੱਲ, ਪੰਜਾਬੀ ਸਭਿਆਚਾਰ ਇਕ ਦ੍ਰਿਸ਼ਟੀਕੋਣ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2013, ਪੰਨਾ-60

ਗੁਰਨਾਮ ਸਿੰਘ (ਸੰਪਾ.), ਪੰਜਾਬ ਦੇ ਲੋਕ-ਨਾਚ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1992, ਪੰਨਾ-10

ਉਹੀ, ਜਗੀਰ ਸਿੰਘ ਨੂਰ, ਪੰਜਾਬਣਾਂ ਦੇ ਲੋਕ-ਨਾਚ : ਸਭਿਆਚਾਰਕ ਇਤਿਹਾਸ, ਪੰਨਾ-77

ਨਾਹਰ ਸਿੰਘ, ਮਾਂ ਸੁਹਾਗਣ ਸ਼ਗਨ ਕਰੇ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ-500

Surjeet Singh, Oral Translation and Cultural Heritage of Punjab, Publication Bureau, Punjabi University, Patiala, 2016, page 55. In simple words, these folk songs are women's statements. This is An Excellent document to explore and understand women's condition in Punjabi society.